Toppersnotes®
Unleash the topper in you

# Master Cadre

## SST

Political Science & History

ਭਾਗ - 1

SIERRA INNOVATIONS

# INDEX


| S.N. | Content | P.N. |
|---|---|---|
| | **ਵਾਧਾ ਅਤੇ ਵਿਕਾਸ** | |
| 1. | ਭਾਸ਼ਾ ਜਾਂ ਬੋਲੀ | 1 |
| 2. | ਪੰਜਾਬੀ ਵਿਆਕਰਨ | 2 |
| 3. | ਲਿੱਪੀ | 2 |
| 4. | ਗੁਰਮੁਖੀ ਵਰਨਮਾਲਾ | 2 |
| 5. | ਦੁੱਤ ਅੱਖਰ | 3 |
| 6. | ਲਗਾਂ | 3 |
| 7. | ਲਗਾਖਰ | 3 |
| 8. | ਧੁਨੀ-ਬੋਧ | 4 |
| 9. | ਸ਼ਬਦ-ਬੋਧ | 5 |
| 10. | ਸ਼ਬਦ ਸ਼੍ਰੇਣੀਆਂ (8) | 11 |
| 11. | ਵਾਕ ਬੋਧ | 19 |
| 12. | ਲਿੰਗ | 20 |
| 13. | ਵਚਨ: ਇੱਕ-ਵਚਨ, ਬਹੁ-ਵਚਨ/ Singular and Plural | 22 |
| 14. | ਕਾਰਕ | 24 |
| 15. | ਵਿਸ਼ਰਾਮ-ਚਿੰਨ੍ਹ | 25 |
| 16. | ਮੁਹਾਵਰੇ ਅਤੇ ਅਖਾਣ | 26 |
| 17. | ਅਰਥ ਬੋਧ | 28 |
| 18. | ਅਨੁਵਾਦ | 35 |
| 19. | ਪਿਛਲੇ ਸਾਲਾਂ ਦਾ ਪੇਪਰ | 38 |
| | **ਰਾਜਨੀਤੀ ਵਿਗਿਆਨ** | |
| 20. | ਭਾਰਤੀ ਸੰਵਿਧਾਨਕ ਢਾਂਚੇ ਦੀ ਕਾਰਜ ਪ੍ਰਣਾਲੀ | 52 |
| 21. | ਭਾਰਤੀ ਸੰਵਿਧਾਨ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ | 53 |
| 22. | ਭਾਰਤੀ ਸੰਵਿਧਾਨ ਦੇ ਸਰੋਤ | 53 |
| 23. | ਸੰਘ ਅਤੇ ਇਸਦੀ ਹੱਦ | 56 |
| 24. | ਮੌਲਿਕ ਅਧਿਕਾਰ-III (ਅਨੁਛੇਦ 12 -35) | 57 |

| | | |
|---|---|---|
| 25. | ਮੌਲਿਕ ਅਧਿਕਾਰਾਂ ਨਾਲ ਸਬੰਧਿਤ ਕੇਸ ਅਧਿਐਨ | 58 |
| 26. | ਸੂਚਨਾ ਦਾ ਅਧਿਕਾਰ ਐਕਟ | 60 |
| 27. | ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤ-IV (ਅਨੁਛੇਦ 36-51) | 62 |
| 28. | ਮੌਲਿਕ ਕਰੱਤਵ - IVA (ਅਨੁਛੇਦ -51A) | 63 |
| 29. | ਸੰਘੀ ਸਰਕਾਰ -ਭਾਗ -V (ਅਨੁਛੇਦ 52-151) | 65 |
| 30. | ਰਾਜ ਸਰਕਾਰ - ਭਾਗ-VI (ਅਨੁਛੇਦ -152-237) | 80 |
| 31. | ਸੰਵਿਧਾਨਕ ਸੰਸਥਾਵਾਂ | 83 |
| 32. | ਅੰਤਰ-ਰਾਜੀ ਪਰਿਸ਼ਦ (ISC) | 85 |
| 33. | ਅੰਤਰ-ਰਾਜੀ ਵਿਵਾਦ | 86 |
| 34. | ਭਾਰਤੀ ਸੰਵਿਧਾਨ ਦੇ ਅਨੁਛੇਦ | 93 |
| 35. | ਭਾਗ - A - ਲੋਕਤੰਤਰਿਕ ਪਧੱਰ ਤੇ - ਪੇਂਡੂ ਸਥਾਨਕ ਸਰਕਾਰ | 111 |
| 36. | ਭਾਗ - B - ਲੋਕਤੰਤਰਿਕ ਪੱਧਰ ਤੇ ਸ਼ਹਿਰੀ ਸਥਾਨਕ ਸਰਕਾਰ | 122 |
| 37. | ਭਾਰਤੀ ਸੰਘਵਾਦ ਦੀ ਪ੍ਰਕਿਰਤੀ | 132 |
| 38. | ਕੇਂਦਰ ਰਾਜ ਸਬੰਧ | 134 |
| 39. | ਭਾਰਤੀ ਚੋਣ ਪ੍ਰਕਿਰਿਆ | 140 |
| 40. | ਭਾਰਤੀ ਰਾਜਨੀਤਿਕ ਪ੍ਰਣਾਲੀ | 143 |
| 41. | ਨਾਗਰਿਕ ਅਤੇ ਨਾਗਰਿਕਤਾ | 148 |
| 42. | ਕਾਨੂੰਨ ਦੀ ਧਾਰਨਾ | 152 |
| 43. | ਨਿਆਂ ਦੀ ਧਾਰਨਾ | 156 |
| 44. | ਸੁਤੰਤਰਤਾ ਦੀ ਧਾਰਨਾ | 158 |
| 45. | ਸਮਾਨਤਾ ਦੀ ਧਾਰਨਾ | 162 |
| 46. | ਵਿਚਾਰਧਾਰਾਵਾਂ | 164 |
| 47. | ਸੰਯੁਕਤ ਰਾਸ਼ਟਰ | 174 |
| 48. | ਸੰਯੁਕਤ ਰਾਸ਼ਟਰ ਦੀਆਂ ਵਿਸ਼ੇਸ਼ ਏਜੰਸੀਆਂ | 179 |
| 49. | ਗੁੱਟ ਨਿਰਲੇਪ ਅੰਦੋਲਨ | 181 |
| 50. | ਪੰਚਸ਼ੀਲ | 184 |
| 51. | ਸਾਰਕ | 185 |
| 52. | ਨਿਸ਼ਸਤਰੀਕਰਨ : ਸੰਧੀਆਂ ਅਤੇ ਭਾਰਤ ਦੀ ਭੂਮਿਕਾ | 189 |
| 53. | ਪਿਛਲੇ ਸਾਲ ਦੇ ਪ੍ਰਸ਼ਨਪਤਰ 2022 | 195 |

| | | |
|---|---|---|
| 54. | Test 1 | 208 |
| 55. | Test 2 | 213 |
| 56. | Test 3 | 218 |
| 57. | Test 4 | 224 |
| 58. | Test 5 | 229 |
| 59. | Test 6 | 234 |
| 60. | Test 7 | 239 |
| 61. | Test 8 | 244 |
| 62. | Test 9 | 249 |
| 63. | Test 10 | 254 |
| 64. | Test 11 | 259 |
| 65. | Test 12 | 262 |
| 66. | Test 13 | 266 |
| 67. | Test 14 | 270 |
| 68. | Test 15 | 274 |

**1**
**ਅਧਿਆਇ**

# ਵਾਧਾ ਅਤੇ ਵਿਕਾਸ

## ਭਾਸ਼ਾ ਜਾਂ ਬੋਲੀ

ਭਾਸ਼ਾ ਜਾਂ ਬੋਲੀ ਇੱਕ ਅਜਿਹਾ ਸੰਚਾਰ ਸਾਧਨ ਹੈ ਜਿਸ ਰਾਹੀਂ ਮਨੁੱਖ ਆਪਣੇ ਵਿਚਾਰਾਂ ਜਾਂ ਮਨੋਭਾਵਾਂ ਨੂੰ ਦੂਸਰੇ ਮਨੁੱਖਾਂ ਨਾਲ ਸਾਂਝਾ ਕਰਦਾ ਹੈ।

ਭਾਸ਼ਾ ਦੋ ਪ੍ਰਕਾਰ ਦੀ ਹੁੰਦੀ ਹੈ:

1. ਆਮ ਬੋਲ-ਚਾਲ ਦੀ ਭਾਸ਼ਾ
2. ਸਾਹਿਤਕ ਜਾਂ ਟਕਸਾਲੀ ਭਾਸ਼ਾ (ਲਿਖਤੀ ਭਾਸ਼ਾ)

### ਭਾਸ਼ਾ ਦੀਆਂ ਵਿਸ਼ੇਸ਼ਤਾਵਾਂ

1. ਭਾਸ਼ਾ ਸੰਚਾਰ ਸਾਧਨ ਹੈ- ਭਾਸ਼ਾ ਸਵੈ- ਅਭਿਵਅਕਤੀ ਦਾ ਇਕ ਸੰਪੂਰਨ ਸਾਧਨ ਹੈ।
2. ਭਾਸ਼ਾ ਸੀਮਤ ਧੁਨੀਆਂ ਦਾ ਸਮੂਹ ਹੈ। ਇਹ ਸਾਰਥਕ ਧੁਨੀਆਂ ਹਨ। ਹਰ ਭਾਸ਼ਾ ਵਿਚ ਧੁਨੀਆਤਮਕ ਵਖਰੇਵਾਂ ਹੋ ਸਕਦਾ ਹੈ। ਭਾਸ਼ਾ ਸਮਾਜਿਕ ਰੂਪ ਵਿਚ ਆਪਸੀ ਸਮਝ ਦਾ ਪ੍ਰਬੰਧ ਹੈ।
3. ਭਾਸ਼ਾ ਅੰਤਰ-ਵਟਾਂਦਰਾ (Inter changeability) ਅਧਾਰਿਤ ਹੈ।
4. ਭਾਸ਼ਾ ਆਪਹੁਦਰਾ (Arbitrariness) ਚਿਹਨ ਪ੍ਰਬੰਧ ਹੈ। ਭਾਸ਼ਾ ਪ੍ਰਤੀਕਾਤਮਕ ਹੈ।
5. ਭਾਸ਼ਾ ਇਕ ਸਮਾਜਿਕ ਵਸਤੂ ਹੈ। ਭਾਸ਼ਾ ਅਤੇ ਸਮਾਜ ਇਕ ਦੂਜੇ ਉੱਤੇ ਨਿਰਭਰ ਹਨ।
6. ਭਾਸ਼ਾ ਪ੍ਰਬੰਧਾਂ ਦਾ ਪ੍ਰਬੰਧ ਹੈ। ਭਾਸ਼ਾਈ ਪ੍ਰਬੰਧ ਦੋ-ਪੱਖੀ ਹੈ। ਇਕ ਧੁਨੀ ਦੇ ਪੱਧਰ 'ਤੇ ਇਕ ਸ਼ਬਦ ਦੇ ਪੱਧਰ 'ਤੇ। ਇਸੇ ਨੂੰ ਭਾਸ਼ਾ ਦੀ ਦੁਪੱਖਤਾ (Duality) ਕਿਹਾ ਜਾਂਦਾ ਹੈ।
7. ਭਾਸ਼ਾ ਪਰਿਵਰਤਨਸ਼ੀਲ ਹੈ। ਭਾਸ਼ਾ ਵਿਕਾਸਸ਼ੀਲ ਹੈ।
8. ਭਾਸ਼ਾਈ ਪਰਿਵਰਤਨ ਬੇਮੁਹਾਰਾ ਨਹੀਂ ਹੁੰਦਾ ਬਲਕੀ ਵਿਸ਼ੇਸ਼ ਨਿਯਮਾਂ ਅਧੀਨ ਚਲਦਾ ਹੈ। ਪਰਿਵਰਤਨ ਦੀ ਦਿਸ਼ਾ ਔਖ ਤੋਂ ਸੌਖ ਵੱਲ ਹੁੰਦੀ ਹੈ।
9. ਭਾਸ਼ਾ ਦੀ ਇਕ ਵਿਸ਼ੇਸ਼ਤਾ ਉਤਪਾਦਕਤਾ ਜਾਂ ਸਿਰਜਨਾਤਮਕਤਾ (Productivity) ਹੈ।
10. ਮਨੁੱਖੀ ਭਾਸ਼ਾ ਵਿਸਥਾਪਿਤ (Displacement) ਹੋ ਸਕਦੀ ਹੈ। ਸਮੇਂ ਸਥਾਨ ਜਾਂ ਸਥਿਤੀ ਦੀ ਮੁਥਾਜ ਨਹੀਂ ਹੈ। ਭਾਸ਼ਾ ਬਿਰਤਾਂਤਿਕਤਾ, ਵਿਆਖਿਆਤਮਕਤਾ ਦੀ ਅਸੀਮ ਪਹੁੰਚ ਰੱਖਦੀ ਹੈ।
11. ਭਾਸ਼ਾ ਦੀ ਇਕ ਵਿਸ਼ੇਸ਼ਤਾ ਵਿਸ਼ੇਸ਼ੱਗਤਾ (Specialization) ਹੈ, ਭਾਵ ਭਾਸ਼ਾ ਦੀ ਵਰਤੋਂ ਕਰਦੇ ਹੋਏ ਤੁਸੀਂ ਹੋਰ ਕੰਮ ਵੀ ਕਰ ਸਕਦੇ ਹੋ ਇਹ ਨਹੀਂ ਕਿ ਤੁਸੀਂ ਭਾਸ਼ਾ ਦੀ ਵਰਤੋਂ ਕਰ ਰਹੇ ਹੋਵੋ ਅਤੇ ਹਥਲੇ ਕੰਮ ਤੁਹਾਨੂੰ ਛੱਡਣੇ ਪੈਣ।
12. ਪਰਿਵਰਤਨ ਭਾਸ਼ਾ ਦੇ ਹਰੇਕ ਅੰਗ ਵਿਚ ਵਾਪਰਦਾ ਹੈ। ਧੁਨੀ, ਸ਼ਬਦ, ਅਰਥ, ਵਾਕ ਆਦਿ।
13. ਭਾਸ਼ਾ ਮਨੁੱਖੀ ਭਾਵਾਂ ਦਾ ਧੁਨੀਆਤਮਕ ਪ੍ਰਗਟਾਵਾ ਹੈ।
14. ਭਾਸ਼ਾ ਇਕ ਜਟਿਲ ਸੰਰਚਨਾ ਹੈ।
15. ਭਾਸ਼ਾ ਸਮਾਜਿਕ ਵਰਤਾਰੇ ਦਾ ਇਕ ਰੂਪ ਹੈ।
16. ਭਾਸ਼ਾ ਸੱਭਿਆਚਾਰਕ ਉਚਾਰ ਪ੍ਰਬੰਧ ਹੈ। ਸੱਭਿਆਚਾਰਕ ਸੰਚਾਰਨ (Cultural transmission) ਹੈ।

Unleash the topper in you

# ਪੰਜਾਬੀ ਵਿਆਕਰਨ

ਕਿਸੇ ਬੋਲੀ ਜਾਂ ਭਾਸ਼ਾ ਨੂੰ ਸ਼ੁਧ ਰੂਪ ਵਿੱਚ ਲਿਖਣ ਜਾਂ ਬੋਲਣ ਲਈ ਜਿਨ੍ਹਾਂ ਨਿਯਮਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਨਿਯਮਾਵਲੀ ਨੂੰ ਵਿਆਕਰਨ ਕਿਹਾ ਜਾਂਦਾ ਹੈ।

**ਵਿਆਰਕਨ ਦੇ ਮੁੱਖ ਤੌਰ 'ਤੇ ਚਾਰ ਭਾਗ ਹਨ:**

1. ਧੁਨੀ-ਬੋਧ, ਅੱਖਰ-ਬੋਧ ਜਾਂ ਵਰਨ-ਬੋਧ
2. ਸ਼ਬਦ-ਬੋਧ
3. ਅਰਥ-ਬੋਧ
4. ਵਾਕ-ਬੋਧ

**1. ਧੁਨੀ-ਬੋਧ, ਅੱਖਰ-ਬੋਧ ਜਾਂ ਵਰਨ-ਬੋਧ**

ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਧੁਨੀ ਹੈ। ਪੰਜਾਬੀ ਭਾਸ਼ਾ ਬੋਲਣ ਵੇਲੇ ਮੂੰਹ ਵਿੱਚੋਂ ਜਿਹੜੀਆਂ ਆਵਾਜ਼ਾਂ ਨਿਕਲਦੀਆਂ ਹਨ, ਉਹ ਪੰਜਾਬੀ ਦੀਆਂ ਧੁਨੀਆਂ ਹਨ।

**2. ਸ਼ਬਦ-ਬੋਧ**

ਧੁਨੀਆਂ ਜਾਂ ਵਰਨਾਂ ਦੇ ਸੁਮੇਲ ਤੋਂ ਸ਼ਬਦ ਬਣਦਾ ਹੈ। ਧੁਨੀ ਦਾ ਲਿਖਤੀ ਚਿੰਨ੍ਹ ਅੱਖਰ ਹੁੰਦਾ ਹੈ। ਉਹ ਬੋਧ ਜਿਸ ਰਾਹੀਂ ਅੱਖਰਾਂ ਦੀ ਸਹੀ ਵਰਤੋਂ ਦਾ ਪਤਾ ਲੱਗੇ ਉਸ ਨੂੰ ਸ਼ਬਦ-ਬੋਧ ਕਿਹਾ ਜਾਂਦਾ ਹੈ।

**3. ਅਰਥ-ਬੋਧ**

ਅਰਥ-ਬੋਧ ਤੋਂ ਭਾਵ ਹੈ ਅਰਥਾਂ ਦੇ ਪੱਖ ਤੋਂ ਸ਼ਬਦ ਦੀ ਵਿਆਖਿਆ। ਇਸ ਵਿੱਚ ਬਹੁਅਰਥਕ ਸ਼ਬਦ, ਸਮਾਨਾਰਥਕ ਸ਼ਬਦ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਅਤੇ ਵਿਰੋਧਾਰਥਕ ਸ਼ਬਦਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

**4. ਵਾਕ-ਬੋਧ**

ਵਿਆਰਕਨ ਦੇ ਇਸ ਭਾਗ ਵਿੱਚ ਵਾਕ-ਰਚਨਾ ਦੇ ਨਿਯਮਾਂ ਬਾਰੇ ਅਤੇ ਵਾਕਾਂ ਸੰਬੰਧੀ ਵਿਚਾਰ ਕੀਤੀ ਜਾਂਦੀ ਹੈ।

# ਲਿੱਪੀ

ਭਾਸ਼ਾ ਜਾਂ ਬੋਲੀ ਨੂੰ ਲਿਖਤੀ ਰੂਪ ਵਿੱਚ ਪ੍ਰਗਟ ਕਰਨ ਲਈ ਜਿਹੜੇ ਅੱਖਰਾਂ ਅਤੇ ਚਿਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਹਨਾਂ ਦੇ ਸਮੂਹ ਨੂੰ ਲਿੱਪੀ ਕਹਿੰਦੇ ਹਨ।

- ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ।
- ਹਿੰਦੀ ਭਾਸ਼ਾ ਦੀ ਲਿੱਪੀ ਦੇਵਨਾਗਰੀ ਅਤੇ ਅੰਗਰੇਜ਼ੀ ਭਾਸ਼ਾ ਦੀ ਲਿੱਪੀ ਰੋਮਨ ਹੈ।

# ਗੁਰਮੁਖੀ ਵਰਨਮਾਲਾ

| | | | | | | |
|---|---|---|---|---|---|---|
| ਮੁਖ ਵਰਗ | ੳ | ਅ | ੲ | ਸ | ਹ | |
| ਕ ਵਰਗ | ਕ | ਖ | ਗ | ਘ | ਙ | |
| ਚ ਵਰਗ | ਚ | ਛ | ਜ | ਝ | ਞ | |
| ਟ ਵਰਗ | ਟ | ਠ | ਡ | ਢ | ਣ | |
| ਤ ਵਰਗ | ਤ | ਥ | ਦ | ਧ | ਨ | |
| ਪ ਵਰਗ | ਪ | ਫ | ਬ | ਭ | ਮ | |
| ਯ ਵਰਗ | ਯ | ਰ | ਲ | ਵ | ੜ | |
| ਨਵੀਨ ਟੋਲੀ | ਸ਼ | ਖ਼ | ਗ਼ | ਜ਼ | ਫ਼ | ਲ਼ |

**ਗੁਰਮੁਖੀ ਅੱਖਰ** ਜਦੋਂ ਨਿਸ਼ਚਿਤ ਤਰਤੀਬ ਵਿੱਚ ਰੱਖੇ ਜਾਂਦੇ ਹਨ ਤਾਂ ਉਸ ਨੂੰ **ਗੁਰਮੁਖੀ ਵਰਨਮਾਲਾ** ਕਿਹਾ ਜਾਂਦਾ ਹੈ। ਗੁਰਮੁਖੀ ਲਿੱਪੀ ਦੇ ਪਹਿਲਾਂ 35 ਅੱਖਰ ਸਨ। ਇਸੇ ਕਰਕੇ ਇਸ ਨੂੰ 'ਪੈਂਤੀ ਅੱਖਰੀ' ਵੀ ਕਿਹਾ ਜਾਂਦਾ ਸੀ। ਅਰਬੀ ਅਤੇ ਫ਼ਾਰਸੀ ਧੁਨੀਆਂ ਨੂੰ ਅੰਕਿਤ ਕਰਨ ਲਈ ਪੰਜ ਅੱਖਰਾਂ ਸ ਖ ਗ ਜ ਫ ਦੇ ਪੈਰਾਂ ਵਿੱਚ ਬਿੰਦੀ ਦੀ ਵਰਤੋਂ ਕਰਕੇ ਸ਼ ਖ਼ ਗ਼ ਜ਼ ਫ਼ ਅੱਖਰ ਬਣਾ ਲਏ ਗਏ। ਇਸ ਪ੍ਰਕਾਰ ਗੁਰਮੁਖੀ ਵਰਨ-ਮਾਲਾ ਵਿੱਚ ਅੱਖਰਾਂ ਦੀ ਗਿਣਤੀ 40 ਹੋ ਗਈ। ਉਸਤੋਂ ਬਾਅਦ ਲ ਅੱਖਰ ਦੇ ਪੈਰ ਵਿੱਚ ਬਿੰਦੀ ਲਾ ਕੇ ਲ਼ ਅੱਖਰ ਬਣਾ ਲਿਆ ਗਿਆ। ਇਸ ਤਰਾਂ ਪੰਜਾਬੀ ਵਰਨਮਾਲਾ ਦੀ ਗਿਣਤੀ 41 ਹੋ ਗਈ ਹੈ।

## ਦੁੱਤ ਅੱਖਰ

ਉਹ ਅੱਖਰ ਜਿਹੜਾ ਦੋ ਅੱਖਰਾਂ ਦੇ ਮੇਲ਼ ਤੋਂ ਬਣੇ ਉਸ ਨੂੰ ਦੁੱਤ ਅੱਖਰ ਕਿਹਾ ਜਾਂਦਾ ਹੈ। ਇਸ ਵਿੱਚ ਇੱਕ ਅੱਖਰ ਦੂਜੇ ਅੱਖਰ ਦੇ ਪੈਰ ਵਿੱਚ ਲਿਖਿਆ ਜਾਂਦਾ ਹੈ ਅਤੇ ਦੋਵੇਂ ਅਖਰ ਮਿਲ ਕੇ ਇੱਕ ਆਵਾਜ਼ ਪੈਦਾ ਕਰਦੇ ਹਨ। ਗੁਰਮੁਖੀ ਲਿਪੀ ਵਿੱਚ ਕੇਵਲ ਤਿੰਨ ਅੱਖਰਾਂ ਦੀ ਵਰਤੋਂ ਅੱਖਰ ਦੇ ਪੈਰ ਵਿੱਚ ਕੀਤੀ ਜਾਂਦੀ ਹੈ। ਉਹ ਹਨ:

ਹ ਰ ਵ

ਹ – ਪੜ੍ਹਾਈ, ਜੜ੍ਹ, ਉਨ੍ਹਾਂ

ਰ – ਪ੍ਰਗਟ, ਪ੍ਰਸ਼ਨ, ਪ੍ਰਾਰਥਨਾ, ਪ੍ਰੋਫ਼ੈਸਰ

ਵ – ਸ੍ਵੈਜੀਵਨੀ, ਸ੍ਵੈਮਾਣ, ਸ੍ਵੈਵਿਸ਼ਵਾਸ

## ਲਗਾਂ

**ਲਗਾਂ** ਧੁਨੀਆਂ ਨੂੰ ਅੰਕਿਤ ਕਰਨ ਵਾਲੇ ਲਿੱਪੀ- ਚਿੰਨ੍ਹ ਹਨ। ਅੱਖਰਾਂ ਬਿਨਾਂ ਲਗਾਂ ਦਾ ਕੋਈ ਮਹੱਤਵ ਨਹੀਂ ਹੈ। ਗੁਰਮੁਖੀ ਲਿੱਪੀ ਦੀਆਂ **ਦਸ** ਲਗਾਂ ਹਨ:


| ਕ੍ਰਮ ਨੰ. | ਨਾਂ | ਚਿੰਨ੍ਹ | | ਉਦਾਹਰਨ |
|---|---|---|---|---|
| 1 | ਮੁਕਤਾ | ਕੋਈ ਚਿੰਨ੍ਹ ਨਹੀਂ | ਸ | ਸਰਦ, ਸਬਰ, ਸਤਰ |
| 2 | ਕੰਨਾ | | ਸਾ | ਸਾਲ, ਸਾਬ, ਸਾਫ਼ |
| 3 | ਸਿਹਾਰੀ | | ਸਿ | ਸਿਰ, ਸਿੱਕਾ, ਸਿੱਟਾ |
| 4 | ਬਿਹਾਰੀ | | ਸੀ | ਸੀਮਾ, ਸੀਲ, ਸੀਸ |
| 5 | ਔਂਕੜ | | ਸੁ | ਹੁਣ, ਸੁਣ, ਸੁਰ |
| 6 | ਦੁਲੈਂਕੜ | | ਸੂ | ਸੂਰਮਾ, ਸੂਤ, ਸੂਚੀ |
| 7 | ਲਾਂ | | ਸੇ | ਕੇਲਾ, ਸੇਕ, ਸ਼ੇਰ |
| 8 | ਦੁਲਾਵਾਂ | | ਸੈ | ਸੈਰ, ਸੈਨਾ, ਸੈਨਤ |
| 9 | ਹੋੜਾ | | ਸੋ | ਸੋਹਣਾ, ਸੋਚ, ਸੋਨਾ |
| 10 | ਕਨੌੜਾ | | ਸੌ | ਸੌ, ਸੌਖਾ, ਸੌੜਾ |

## ਲਗਾਖਰ

ਲਗਾਂ ਦਾ ਸੰਬੰਧ ਅੱਖਰਾਂ ਨਾਲ ਹੁੰਦਾ ਹੈ। ਲਗਾਖਰ ਉਹ ਚਿੰਨ੍ਹ ਹਨ, ਜਿਹੜੇ ਲਗਾਂ ਦੇ ਨਾਲ ਵਰਤੇ ਜਾਂਦੇ ਹਨ। ਗੁਰਮੁਖੀ ਲਿੱਪੀ ਵਿੱਚ ਤਿੰਨ ਲਗਾਖਰ ਹਨ: ਬਿੰਦੀ, ਟਿੱਪੀ ਅਤੇ ਅੱਧਕ।

| ਕ੍ਰਮ ਨੰ: | ਲਗਾਖਰ ਦਾ ਨਾਂ | ਰੂਪ (ਚਿੰਨ੍ਹ) | ਉਦਾਹਰਨਾਂ |
|---|---|---|---|
| 1 | ਬਿੰਦੀ | ਂ | ਗੇਂਦ, ਗਾਂ, ਨੀਂਦ |
| 2 | ਟਿੱਪੀ | ੰ | ਸੰਘ,ਸੰਦ, ਚੰਦ |
| 3 | ਅੱਧਕ | ੱ | ਸੱਚ, ਪੱਤਾ, ਮੱਕੀ |

# ਧੁਨੀ-ਬੋਧ





**ਖੰਡੀ ਧੁਨੀਆਂ ਦੋ ਕਿਸਮ ਦੀਆਂ ਹਨ:**

1. ਸ੍ਵਰ
2. ਵਿਅੰਜਨ

**ਸ੍ਵਰ :-** ਸ੍ਵਰ ਉਹ ਧੁਨੀਆਂ ਹਨ, ਜਿਨ੍ਹਾਂ ਨੂੰ ਬੋਲਣ ਸਮੇਂ ਉਚਾਰਨ ਅੰਗ ਕੋਈ ਰੁਕਾਵਟ ਨਹੀਂ ਪਾਉਂਦੇ। ਆਵਾਜ਼ ਮੂੰਹ ਵਿੱਚੋਂ ਬੇਰੋਕ ਬਾਹਰ ਨਿਕਲਦੀ ਹੈ। ੳ, ਅ, ੲ ਤਿੰਨ ਸ੍ਵਰ ਅੱਖਰ ਹਨ ਪਰ ਉਚਾਰਨ ਪੱਖੋਂ ਸ੍ਵਰ-ਧੁਨੀਆਂ ਦਸ ਹਨ। ਇਸ ਕਰਕੇ ਪੰਜਾਬੀ ਭਾਸ਼ਾ ਵਿਚ ਸ੍ਵਰਾਂ ਦੀ ਗਿਣਤੀ ਦਸ ਮੰਨੀ ਜਾਂਦੀ ਹੈ। ਇਹ ਸ੍ਵਰ ਧੁਨੀਆਂ ਹਨ:

**ਅ ਆ ਇ ਈ ਉ ਊ ਏ ਐ ਓ ਔ**

1. **ਸਾਹ ਦੀ ਮਾਤਰਾ ਦੇ ਅਧਾਰ ਤੇ ਸ੍ਵਰਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ-**
   ਲਘੁ ਸ੍ਵਰ – 3 – ਉ, ਅ, ਇ
   ਦੀਰਘ ਸ੍ਵਰ – 7 – ਆ, ਈ, ਊ, ਏ, ਐ, ਓ, ਔ
2. **ਜੀਭ ਅਤੇ ਬੁੱਲਾਂ ਦੇ ਅਧਾਰ ਤੇ ਸ੍ਵਰਾਂ ਨੂੰ ਹੇਠ ਦਿੱਤੇ ਢੰਗ ਨਾਲ ਵੰਡਿਆ ਜਾਂਦਾ ਹੈ-**




**ਵਿਅੰਜਨ :-** ਵਿਅੰਜਨ ਉਹ ਧੁਨੀਆਂ ਹਨ, ਜਿਨ੍ਹਾਂ ਨੂੰ ਬੋਲਣ ਸਮੇਂ ਉਚਾਰਨ ਅੰਗ ਥੋੜ੍ਹੀ-ਬਹੁਤ ਰੁਕਾਵਟ ਪਾਉਂਦੇ ਹਨ। ਇਹਨਾਂ ਨੂੰ ਬੋਲਣ ਸਮੇਂ ਜੀਭ ਕਦੇ ਤਾਲੂ ਨਾਲ ਅਤੇ ਕਦੇ ਦੰਦਾਂ ਦੇ ਅੰਦਰਲੇ ਪਾਸੇ ਛੂੰਹਦੀ ਹੈ ਅਤੇ ਕਈ ਵਾਰੀ ਬੁੱਲ੍ਹ ਥੋੜ੍ਹੀ ਦੇਰ ਲਈ ਮੀਟੇ ਜਾਂਦੇ ਹਨ। ਪੰਜਾਬੀ ਵਰਨਮਾਲਾ ਵਿੱਚ ਸ ਤੋਂ ਲ਼ ਤੱਕ 38 ਵਿਅੰਜਨ ਅੱਖਰ ਹਨ।

ਅਨੁਨਾਸਿਕੀ ਵਿਅੰਜਨ

ਅਨੁਨਾਸਿਕੀ ਵਿਅੰਜਨ ਉਹ ਧੁਨੀਆਂ ਹਨ ਜਿਨ੍ਹਾਂ ਦੇ ਉਚਾਰਨ ਸਮੇਂ ਆਵਾਜ਼ ਨੱਕ ਵਿੱਚੋਂ ਨਿਕਲਦੀ ਹੈ।

ਗੁਰਮੁਖੀ ਲਿੱਪੀ ਵਿੱਚ ਅਨੁਨਾਸਿਕੀ ਧੁਨੀਆਂ ਨੂੰ ਅੰਕਿਤ ਕਰਨ ਲਈ ਪੰਜ ਅੱਖਰ ਇਹ ਹਨ:

ਙ ਞ ਣ ਨ ਮ

**ਨੋਟ: ਅਜੋਕੀ ਪੰਜਾਬੀ ਭਾਸ਼ਾ ਵਿੱਚ ਙ, ਞ, ਣ, ੜ ਅਤੇ ਲ਼ ਧੁਨੀਆਂ ਨਾਲ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ।**

**ਵਿਅੰਜਨ ਵਰਗੀਕਰਨ**

| | | ਉਚਾਰਨ ਸਥਾਨ | | | | | |
|---|---|---|---|---|---|---|---|
| ਡੱਕਵੇਂ | | ਕੰਠੀ | ਤਾਲਵੀ | ਉਲਟ ਜੀਭੀ | ਦੰਤੀ | ਹੋਠੀ | ਸੁਰਯੰਤਰੀ |
| | ਅਨਾਦੀ/ ਅਲਪ ਪ੍ਰਾਣ | ਕ | ਚ | ਟ | ਤ | ਪ | |
| | ਮਹਾਂਪ੍ਰਾਣ/ ਅਨਾਦੀ | ਖ | ਛ | ਠ | ਥ | ਫ | |
| | ਨਾਦੀ/ ਅਲਪ ਪ੍ਰਾਣ | ਗ | ਜ | ਡ | ਦ | ਬ | |
| ਉਚਾਰਨ ਵਿਧੀ | ਨਾਸਕੀ | (ਙ) | (ਞ) | ਣ | ਨ | ਮ | |
| | ਪਾਸੇਦਾਰ | | | ਲ਼ | ਲ | | |
| | ਕੰਬਵਾਂ | | | | ਰ | | |
| | ਫਟਕਵਾਂ | | | ੜ | | | |
| | ਖਹਿਵੇਂ | | ਸ਼ | | ਸ | | ਹ |
| | ਸਰਕਵੇਂ | | (ਯ) | | | (ਵ) | |

## ਸ਼ਬਦ-ਬੋਧ


ਧੁਨੀਆਂ, ਲਗਾਂ ਅਤੇ ਲਗਾਖਰਾਂ ਦੇ ਸੁਮੇਲ ਤੋਂ ਸ਼ਬਦ ਬਣਦਾ ਹੈ, ਜਿਵੇਂ: ਕ, ਲ ਅਤੇ ਮ ਦੇ ਮੇਲ ਤੋਂ ਕਲਮ ਬਣਦਾ ਹੈ। ਅੱਖਰਾਂ ਦੇ ਉਸ ਇਕੱਠ ਨੂੰ ਸ਼ਬਦ ਆਖਦੇ ਹਨ, ਜਿਸ ਰਾਹੀਂ ਕਿਸੇ ਮਨੁੱਖ, ਵਸਤੂ ਜਾਂ ਭਾਵ ਦਾ ਅਰਥ ਪ੍ਰਗਟ ਹੋਵੇ। ਅਰਥਾਂ ਦੇ ਪੱਧਰ 'ਤੇ ਇਹ ਭਾਸ਼ਾ ਦੀ ਛੋਟੀ ਤੋਂ ਛੋਟੀ ਸੁਤੰਤਰ ਇਕਾਈ ਹੈ।

ਬਣਤਰ ਦੇ ਅਧਾਰ ਤੇ ਸ਼ਬਦ ਮੁੱਖ ਤੌਰ ਤੇ ਦੋ ਪ੍ਰਕਾਰ ਦੇ ਹੁੰਦੇ ਹਨ :

(1) ਮੂਲ ਸ਼ਬਦ

(2) ਰਚਿਤ ਸ਼ਬਦ।

**ਸ਼ਬਦ ਰਚਨਾ**




1. **ਮੂਲ ਸ਼ਬਦ** : ਮੂਲ ਸ਼ਬਦ ਉਹ ਹੈ ਜੋ ਆਪਣੇ-ਆਪ ਵਿੱਚ ਇੱਕ ਪੂਰਨ ਇਕਾਈ ਹੁੰਦਾ ਹੈ । ਇਸ ਸ਼ਬਦ ਨੂੰ ਅੱਗੇ ਤੋੜਿਆ ਨਹੀਂ ਜਾ ਸਕਦਾ ਅਤੇ ਨਾ ਹੀ ਇਸ ਦੀ ਬਣਤਰ ਵਿੱਚ ਕਿਸੇ ਸ਼ਬਦ ਜਾਂ ਸ਼ਬਦਾਂਸ਼ ਦਾ ਮੇਲ ਹੋਇਆ ਮਿਲਦਾ ਹੈ। ਉਦਾਹਰਨ ਲਈ ਹੇਠਾਂ ਦਿੱਤੇ ਸ਼ਬਦ ਮੂਲ ਸ਼ਬਦ ਹਨ: **ਕਰ, ਪੜ, ਰੇਤ, ਬਾਗ਼, ਜਾ, ਤੂੰ** ।

2. **ਰਚਿਤ ਸ਼ਬਦ** : ਰਚਿਤ ਸ਼ਬਦ ਉਹ ਹੈ ਜਿਹੜਾ ਮੂਲ ਸ਼ਬਦ ਤੋਂ ਵੱਖ ਵੱਖ ਢੰਗਾਂ ਨਾਲ ਰਚਿਆ ਜਾਂਦਾ ਹੈ | ਕਿਸੇ ਵੀ ਭਾਸ਼ਾ ਦੀ ਬਹੁਤੀ ਸ਼ਬਦਾਵਲੀ ਅਜਿਹੇ ਸ਼ਬਦਾਂ ਦੀ ਹੁੰਦੀ ਹੈ। ਰਚਿਤ ਸ਼ਬਦ ਦੋ ਤਰ੍ਹਾਂ ਦੇ ਹੁੰਦੇ ਹਨ-

**ਸਮਾਸੀ ਸ਼ਬਦ ਅਤੇ ਉਤਪੰਨ ਸ਼ਬਦ**

(i) **ਸਮਾਸੀ ਸ਼ਬਦ**- ਸਮਾਸ ਦਾ ਅਰਥ ਹੈ ਜੋੜਨਾ। ਜਦੋਂ ਦੋ ਜਾਂ ਤਿੰਨ ਸ਼ਬਦਾਂ ਨੂੰ ਜੋੜ ਕੇ ਉਹਨਾਂ ਦਾ ਸੰਖੇਪ ਰੂਪ ਇਸ ਪ੍ਰਕਾਰ ਬਣਾਇਆ ਜਾਵੇ ਕਿ ਉਹ ਇੱਕ ਨਵਾਂ ਅਰਥ ਦੇਣ ਵਾਲਾ ਵੱਖਰਾ ਸ਼ਬਦ ਬਣ ਜਾਵੇ ਤਾਂ ਉਸ ਨੂੰ ਸਮਾਸੀ ਸ਼ਬਦ ਕਹਿੰਦੇ ਹਨ, ਜਿਵੇਂ : ਸੱਜਰੀ ਵਿਆਹੀ ਹੋਈ= ਸੱਜ-ਵਿਆਹੀ, ਹੱਥ ਨੂੰ ਲੱਗਣ ਵਾਲੀ ਕੜੀ= ਹਥਕੜੀ, ਲੋਕਾਂ ਦਾ ਰਾਜ= ਲੋਕ-ਰਾਜ

**ਸਮਾਸ-ਵਿਧੀ ਨਾਲ ਸ਼ਬਦ ਬਣਾਉਣ ਬਾਰੇ ਕੁਝ ਨੁਕਤੇ ਇਸ ਪ੍ਰਕਾਰ ਹਨ** :

1. ਪੰਜਾਬੀ ਵਿੱਚ ਆਮ ਤੌਰ 'ਤੇ ਸਮਾਸ ਦੋ ਸ਼ਬਦਾਂ ਨੂੰ ਮਿਲਾ ਕੇ ਬਣਦਾ ਹੈ। ਕਦੀ-ਕਦਾਈਂ ਇਹ ਤਿੰਨ ਸ਼ਬਦਾਂ ਦਾ ਵੀ ਹੁੰਦਾ ਹੈ, ਜਿਵੇਂ : ਹਰਮਨ-ਪਿਆਰਾ
2. ਸਮਾਸ-ਵਿਧੀ ਰਾਹੀਂ ਸ਼ਬਦ ਬਣਾਉਣ ਸਮੇਂ ਯੋਜਕ, ਸਬੰਧਕ ਆਦਿ ਸ਼ਬਦ ਛੱਡ ਦਿੱਤੇ ਜਾਂਦੇ ਹਨ, ਜਿਵੇਂ
   ਰਾਸ਼ਟਰ ਦਾ ਪਤੀ = ਰਾਸ਼ਟਰਪਤੀ
   ਆਪ ਨਾਲ ਬੀਤੀ = ਆਪਬੀਤੀ

(ii) **ਉਤਪੰਨ ਸ਼ਬਦ-** ਜਿਹੜਾ ਸ਼ਬਦ ਕਿਸੇ ਮੂਲ ਸ਼ਬਦ ਦੇ ਨਾਲ ਅਗੇਤਰ ਲਾ ਕੇ ਜਾਂ ਪਿਛੇਤਰ ਲਾ ਕੇ ਬਣਾਇਆ ਜਾਵੇ, ਉਸਨੂੰ ਉਤਪੰਨ ਸ਼ਬਦ ਆਖਦੇ ਹਨ। ਮੂਲ ਸ਼ਬਦ ਦੇ ਅੱਗੇ ਲੱਗਣ ਵਾਲੇ ਭਾਵੰਸ਼/ਸ਼ਬਦਾਂਸ਼ ਅਗੇਤਰ ਅਤੇ ਪਿੱਛੇ ਲੱਗਣ ਵਾਲੇ ਪਿਛੇਤਰ ਹੁੰਦੇ ਹਨ। ਅਗੇਤਰ ਪਿਛੇਤਰ ਉਤਪੰਨ ਸ਼ਬਦ ਦਾ ਹਿੱਸਾ ਹੁੰਦੇ ਹਨ ਜੋ ਖੁਦ ਸੁਤੰਤਰ ਤੌਰ ਤੇ ਨਹੀਂ ਵਿਚਰ ਸਕਦੇ, ਮੂਲ ਸ਼ਬਦ ਨਾਲ ਮਿਲਕੇ ਹੀ ਅਰਥ ਗ੍ਰਹਿਣ ਕਰਦੇ ਹਨ।

**ਅਗੇਤਰ-ਪਿਛੇਤਰ**

**ਅਗੇਤਰ**

1. **ਉਪ (ਛੋਟਾ)**: ਉਪਨਾਮ, ਉਪ-ਨਿਯਮ, ਉਪ-ਭਾਗ, ਉਪ-ਮੰਤਰੀ, ਉਪ-ਵਾਕ।
2. **ਉਨ** : ਉਨਤਾਲੀ, ਉਨਾਹਟ, ਉਨਾਸੀ, ਉਨੰਜਾ।
3. **ਅ** : ਅਸਹਿ, ਅਕੱਥ, ਅਕਿਹ, ਅਸਮਰਥ, ਅਸਫ਼ਲ, ਅਨਾਥ।
4. **ਅਣ** : ਅਣ-ਸੁਣਿਆ, ਅਣਹੋਂਦ, ਅਣਗਿਣਤ, ਅਣਜਾਣ।
5. **ਅਪ** : ਅਪਸ਼ਰਨ, ਅਪਸ਼ਬਦ, ਅਪਕੀਰਤ, ਅਪਮਾਨ।
6. **ਸੁ** : ਸੁਸ਼ੀਲ, ਸੁਗੰਧ, ਸੁਭਾਗਾ, ਸੁਲੱਖਣਾ, ਸੁਰੱਖਿਆ।
7. **ਸਮ** : ਸਮਕਾਲੀਨ, ਸਮਲਿੰਗੀ, ਸਮਤਲ, ਸਮਵਾਦੀ।
8. **ਕ** : ਕਰੂਪ, ਕਪੁੱਤਰ।
9. **ਕੁ** : ਕੁਕਰਮ, ਕੁਸੰਗ, ਕੁਰੀਤੀ, ਕੁਰੂਪ, ਕੁਲੱਛਣ।
10. **ਖ਼ੁਸ਼** : ਖ਼ੁਸ਼ਕਿਸਮਤ, ਖ਼ੁਸ਼ਖਬਰੀ , ਖ਼ਸ਼ਦਿਲ, ਖ਼ੁਸ਼ਨਸੀਬ।
11. **ਦੁਰ** : ਦੁਰਗੰਧ, ਦੁਰਘਟਨਾ, ਦੁਰਾਚਾਰੀ, ਦੁਰਸ਼ਨ।
12. **ਨਿ** : ਨਿਸੰਗ, ਨਿਕੰਮਾ, ਨਿਗੁਣਾ,
13. **ਨਿਸ਼** : ਨਿਸ਼ਕਾਮ, ਨਿਸ਼ਕਪਟ, ਨਿਸ਼ਚਿੰਤ, ਨਿਸ਼ਫ਼ਲ,
14. **ਨਿਰ** : ਨਿਰਸੰਦੇਹ, ਨਿਰਗੁਣ, ਨਿਰਫਲ, ਨਿਰਦੋਸ਼, ਨਿਰਦਈ।
15. **ਪਰ** : ਪਰਉਪਕਾਰ, ਪਰ-ਅਧੀਨ, ਪਰਦੇਸ਼, ਪਰ-ਨਾਰੀ, ਪਰ-ਤੰਤਰ, ਪਰਲੋਕ।
16. **ਬਦ** : ਬਦ-ਅਸੀਸ, ਬਦ-ਸ਼ਕਲ, ਬਦਸੂਰਤ, ਬਦਕਾਰ, ਬਦਨਾਮ, ਬਦਬੋ।
17. **ਮਹਾਂ** : ਮਹਾਂ-ਸਾਗਰ, ਮਹਾਂ-ਦੀਪ, ਮਹਾਂ-ਪਰਸ਼ਾਦ, ਮਹਾਂ-ਬਲੀ, ਮਹਾਂ-ਯੁੱਧ।

**ਪਿਛੇਤਰ**

1. ਆਰ : ਚਮਤਕਾਰ, ਦਾਤਾਰ, ਲੁਹਾਰ।
2. ਈ : ਕਮਾਈ, ਚੌੜਾਈ, ਬਿਜਾਈ, ਉਚਾਈ।
3. ਹਾਰ : ਸਿਰਜਣਹਾਰ, ਹੋਣਹਾਰ, ਪਾਲਣਹਾਰ।
4. ਹੀਣ : ਬਲਹੀਣ, ਮੱਤਹੀਣ, ਰੂਪਹੀਣ।
5. ਖ਼ੋਰ : ਚੁਗ਼ਲਖ਼ੋਰ, ਅਰਾਮਖ਼ੋਰ, ਰਿਸ਼ਵਤਖ਼ੋਰ।
6. ਣ,ਨ : ਗੁਆਂਢਣ, ਜਮਾਦਾਰਨ, ਪੰਜਾਬਣ, ਪੁਜਾਰਨ।
7. ਪਣ : ਵੇਲਾਪਣ, ਵੱਡਪਣ, ਬਾਲਪਣ।
8. ਪਨ : ਬਚਪਨ, ਪਾਗਲਪਨ।
9. ਬਾਜ਼ : ਚਾਲਬਾਜ਼, ਜੂਏਬਾਜ਼, ਪੱਤੇਬਾਜ਼।
10. ਬਾਨ : ਮਿਹਰਬਾਨ, ਬਾਗ਼ਬਾਨ।

## ਅਗੇਤਰ & ਪਿਛੇਤਰ (MCQ - Multiple Choice questions)

1. **ਨਿਸ਼ਕਪਟ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਨਿਸ (b) ਨਿਸ਼ (c) ਨਿ (d) ਨਿਸ਼ਕ

2. **ਪੜਦਾਦਾ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਪੜ੍ਹ (b) ਪੜ (c) ਪੜਦ (d) ਪੜਦਾ

3. **ਬਾਅਸੂਲ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਬਾ (b) ਬਾਅਸ (c) ਬਾਅ (d) ਬਾਓ

4. **ਮਨਮੁਖ ਵਿੱਚ ਕਿਸ ਅਗੇਤਰ ਦੀ ਵਰਤੋਂ ਕੀਤੀ ਗਈ ਹੈ?**
   (a) ਮਣ (b) ਮ (c) ਮਨ (d) ਇਨ੍ਹਾਂ ਵਿੱਚੋਂ ਕੋਈ ਨਹੀਂ

5. **ਅਪਸ਼ਬਦ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਅ (b) ਅਪਸ਼ (c) ਅਪ (d) ਇਨ੍ਹਾਂ ਵਿੱਚੋਂ ਕੋਈ ਨਹੀਂ

6. **ਉਪਨਾਮ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਉੱਪ (b) ਉਪ (c) ਉੱ (d) ਇਨ੍ਹਾਂ ਵਿੱਚੋਂ ਕੋਈ ਨਹੀਂ

7. **ਸ਼ਾਹਕਾਰ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਸਾਹ (b) ਸ਼ਾਹ (c) ਸ (d) ਸਾ

8. **ਪਰਉਪਕਾਰ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਪ (b) ਪਰ (c) ਪਰਉ (d) ਇਨ੍ਹਾਂ ਵਿੱਚੋਂ ਕੋਈ ਨਹੀਂ

9. **ਬਦਸੂਰਤ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਬਦਸ (b) ਬਦ (c) ਬਦਬੂ (d) ਇਨ੍ਹਾਂ ਵਿੱਚੋਂ ਕੋਈ ਨਹੀਂ

10. **ਲਾਪਰਵਾਹ ਵਿੱਚ ਕਿਸ ਅਗੇਤਰ ਦੀ ਵਰਤੋਂ ਕੀਤੀ ਗਈ ਹੈ?**
    (a) ਪਰ (b) ਲਾਪਰਵ (c) ਲਾ (d) ਲਾਪ

11. **ਅਨਾਥ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
    (a) ਅੱਨ (b) ਅ (c) ਅਨਾ (d) ਅਨ

12. **ਕਲਮੂੰਹ ਵਿੱਚ ਕਿਹੜੀ ਅਗੇਤਰ ਵਰਤਿਆ ਗਿਆ ਹੈ?**
    (a) ਕਲਮ (b) ਕਲ (c) ਕ (d) ਇਨ੍ਹਾਂ ਵਿੱਚੋਂ ਕੋਈ ਨਹੀਂ

13. **ਨਿਰਮੂਲ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
    (a) ਨਿਰਮਾ (b) ਨਿ (c) ਨਿਰਮੂ (d) ਨਿਰ

Toppersnotes Unleash the topper in you

14. ਕਾਰਖਾਨਾ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?

(a) ਖਾਨਾ (b) ਕਾਰ (c) ਨਾ (d) ਇਨ੍ਹਾਂ ਵਿੱਚੋਂ ਕੋਈ ਨਹੀਂ

15. ਬੇਅੰਤ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?

(a) ਬੇਅ (b) ਬੇਈ (c) ਬੇ (d) ਬੇਅ

16. ਮਹਾਤਮਾ ਵਿੱਚ ਕਿਸ ਅਗੇਤਰ ਦੀ ਵਰਤੋਂ ਕੀਤੀ ਗਈ ਹੈ?

(a) ਮਹਾਨ (b) ਮ (c) ਮਹ (d) ਮਹਾ

17. ਮਹਾਂਸਾਗਰ ਵਿੱਚ ਕਿਸ ਅਗੇਤਰ ਦੀ ਵਰਤੋਂ ਕੀਤੀ ਗਈ ਹੈ?

(a) ਮਹਾਨ (b) ਮ (c) ਮਹ (d) ਮਹਾਂ

18. ਵਿਪਰੀਤ ਵਿੱਚ ਕਿਸ ਅਗੇਤਰ ਦੀ ਵਰਤੋਂ ਕੀਤੀ ਗਈ ਹੈ?

(a) ਵਿ (b) ਵਿਪਰ (c) ਵਿਪਰ (d) ਇਨ੍ਹਾਂ ਵਿੱਚੋਂ ਕੋਈ ਨਹੀਂ

19. ਅੱਧਵਾਟੇ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?

(a) ਆ (b) ਅੱਧ (c) ਅ (d) ਇਨ੍ਹਾਂ ਵਿੱਚੋਂ ਕੋਈ ਨਹੀਂ

20. ਉਪਰਾਮ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?

(a) ਉ (b) ਉੱਪ (c) ਉਪ (d) ਉਪਰਾ

21. ਸਾਂਝੀਵਾਲ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਆਲ (b) ਵਾਲ (c) ਲ (d) ਇਹ ਸਾਰੇ

22. ਸ਼ਰਮੀਲਾ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਈਲਾ (b) ਈਲ੍ਹਾ (c) ਲਾ (d) ਮੀਲਾ

23. ਧੋਤੀਵਾਲਾ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਲਾ (b) ਲਾਅ (c) ਆਲਾ (d) ਵਾਲਾ

24. ਭਿਖਾਰੀ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਆਰੀ (b) ਰੀਅ (c) ਖਾਰੀ (d) ਰੀ

25. ਝਗੜਾਲੂ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਆਲੂ (b) ਆਲ (c) ੜਾਲੂ (d) ਅਲੂ

26. ਵਡਿਆਈ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ।

(a) ਆਈ (b) ਵੱਡ (c) ਵਡਿ (d) ਈ

27. ਉਸਰੱਈਆ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਆਈਆ (b) ਅਈਆ (c) ਆ (d) ਈਆ

28. ਕਮਾਊ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਊ (b) ਮਾਉ (c) ਉ (d) ਕ

29. ਸਾਲੇਹਾਰ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਆਰ (b) ਰ (c) ਯਾਰ (d) ਹਾਰ

30. ਲੋੜਵੰਦ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਦ (b) ਦਿ (c) ਵੰਦ (d) ਅੰਦ

**31. ਸੰਦੂਕੜੀ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ੜੀਅ (b) ੜੀ (c) ਖੜੀ (d) ਖੜੀ

**32. ਮਹਾਂਰਾਣੀ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਰਾਨੀ (b) ਆਣੀ (c) ਈ (d) ਰਾਣੀ

**33. ਮਲਵਈ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਅਈ (b) ਈ (c) ਲਵਈ (d) ਵਈ

**34. ਚੌਕੀਦਾਰ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਦਾਰ (b) ਆਰ (c) ਦੇ (d) ਇਹ ਸਾਰੇ

**35. ਰੰਘਰੇਟਾ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਏਟਾ (b) ਟਾਅ (c) ਟਾ (d) ਰੇਟਾ

**36. ਖ਼ਤਰਨਾਕ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਆਕ (b) ਨਾਕ (c) ਕ (d) ਇਨ੍ਹਾਂ ਵਿੱਚੋਂ ਕੋਈ ਨਹੀਂ

**37. ਗੁਣਕਾਰੀ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਕਾਰੀ (b) ਣਕਾਰੀ (c) ਗੁਣ (d) ਰੀ

**38. ਭਾਈਵਾਲ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਲ (b) ਵਾਲ (c) ਆਲ (d) ਇਨ੍ਹਾਂ ਵਿੱਚੋਂ ਕੋਈ ਨਹੀਂ

**39. ਅਗਾੜੀ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਤੂੰ (b) ੜੀ (c) ਗਾੜੀ (d) ਆੜੀ

**40. ਬਿਰਹੜਾ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਗੜਾ (b) ਘ (c) ੜਾ (d) ਗੁੜ

Toppersnotes
Unleash the topper in you

## Answer Key

| | | | | | | | | | |
|---|---|---|---|---|---|---|---|---|---|
| 1.B | 2.B | 3.A | 4.C | 5.C | 6.B | 7.B | 8.B | 9.B | 10.C |
| 11.B | 12.B | 13.D | 14.B | 15.C | 16.D | 17.D | 18.A | 19.B | 20.C |
| 21.B | 22.A | 23.D | 24.A | 25.A | 26.A | 27.B | 28.A | 29.D | 30.C |
| 31.B | 32.D | 33.A | 34.A | 35.A | 36.B | 37.A | 38.B | 39.B | 40.C |

## ਵੱਖ-ਵੱਖ ਅਧਾਰਾਂ 'ਤੇ ਸ਼ਬਦ ਦੀਆਂ ਕਿਸਮਾਂ

**ਅਰਥ ਦੇ ਅਧਾਰ 'ਤੇ-**

**(i) ਸਾਰਥਕ ਸ਼ਬਦ :** ਸਾਰਥਕ ਸ਼ਬਦ ਉਹ ਹੁੰਦੇ ਹਨ ਜਿਨ੍ਹਾਂ ਦੇ ਆਪਣੇ ਕੋਈ ਨਿਸਚਿਤ ਭਾਵ ਅਥਵਾ ਅਰਥ ਹੁੰਦੇ ਹਨ। ਦੂਸਰੇ ਸ਼ਬਦਾਂ ਵਿੱਚ ਅਜਿਹੇ ਸ਼ਬਦਾਂ ਨੂੰ ਅਰਥ-ਭਰਪੂਰ ਸ਼ਬਦ ਵੀ ਕਿਹਾ ਜਾਂਦਾ ਹੈ ; ਜਿਵੇਂ : ਬਰਫ਼, ਮੇਜ਼, ਘੋੜਾ, ਕਾਂ, ਚਿੜੀ, ਸਕੂਲ, ਦੌੜ, ਰਾਮ, ਪਟਿਆਲਾ ਆਦਿ।

**(ii) ਨਿਰਾਰਥਕ ਸ਼ਬਦ:** ਜਿਨ੍ਹਾਂ ਸ਼ਬਦਾਂ ਦੇ ਕੋਈ ਵਿਸ਼ੇਸ਼ ਅਰਥ ਪ੍ਰਾਪਤ ਨਾ ਹੋਣ, ਉਨ੍ਹਾਂ ਨੂੰ ਨਿਰਾਰਥਕ ਸ਼ਬਦ ਕਿਹਾ ਜਾਂਦਾ ਹੈ, ਜਿਵੇਂ ਕੁਰਸੀ-ਕਰਸੀ, ਪਾਣੀ-ਧਾਣੀ, ਜੂਸ-ਜਾਸ ਆਦਿ। ਇਨ੍ਹਾਂ ਸ਼ਬਦਾਂ ਵਿਚ ਕੁਰਸੀ, ਧਾਣੀ ਅਤੇ ਜਾਸ ਨਿਰਾਰਥਕ ਹਨ। ਨਿਰਾਰਥਕ ਸ਼ਬਦ ਇਕੱਲੇ ਨਹੀਂ ਉਚਾਰੇ ਜਾਂਦੇ ਬਲਕਿ ਇਨ੍ਹਾਂ ਦੀ ਹੋਂਦ ਸਾਰਥਕ ਸ਼ਬਦਾਂ ਨਾਲ ਹੀ ਹੁੰਦੀ ਹੈ।

2

ਅਧਿਆਇ

# ਪੰਜਾਬ ਦੀ ਰਾਜਨੀਤੀ

## ਭਾਰਤੀ ਸੰਵਿਧਾਨਕ ਢਾਂਚੇ ਦੀ ਕਾਰਜ ਪ੍ਰਣਾਲੀ

- ਭਾਰਤ ਲਈ ਸੰਵਿਧਾਨ ਸਭਾ ਦਾ ਪਹਿਲੀ ਵਾਰ ਵਿਚਾਰ **ਐਮ.ਐਨ.ਰੋਏ ਦੁਆਰਾ 1934** ਵਿੱਚ **ਰੱਖਿਆ ਗਿਆ ਸੀ।**
- ਸੰਵਿਧਾਨ ਸਭਾ **ਨਵੰਬਰ 1946 ਵਿੱਚ ਕੈਬਨਿਟ ਮਿਸ਼ਨ ਯੋਜਨਾ** (3 ਮੈਂਬਰ- **ਲਾਰਡ ਪੈਥਿਕ ਲਾਰੈਂਸ, ਸਰ ਸਟੈਫੋਰਡ ਕ੍ਰਿਪਸ ਅਤੇ ਏ.ਵੀ. ਅਲੈਗਜ਼ੈਂਡਰ**) ਯੋਜਨਾ ਦੇ ਤਹਿਤ ਬਣਾਈ ਗਈ ਸੀ।
- ਸੰਵਿਧਾਨ ਸਭਾ ਵਿੱਚ ਕੁੱਲ ਮੈਂਬਰਾਂ ਦੀ ਗਿਣਤੀ **389** ਸੀ।
- ਪਹਿਲੀ ਮੀਟਿੰਗ 9 ਦਸੰਬਰ 1946 ਨੂੰ ਹੋਈ ਸੀ
- 11 ਦਸੰਬਰ, 1946 ਨੂੰ **ਡਾ. ਰਾਜੇਂਦਰ ਪ੍ਰਸਾਦ ਅਤੇ ਹਰਿੰਦਰ ਕੁਮਾਰ ਮੁਖਰਜੀ** ਕ੍ਰਮਵਾਰ ਅਸੈਂਬਲੀ ਦੇ ਪ੍ਰਧਾਨ ਅਤੇ ਉਪ-ਪ੍ਰਧਾਨ ਚੁਣੇ ਗਏ ਸਨ।
- **ਸਰ ਬੀਐਨ ਰਾਉ** ਨੂੰ ਸਭਾ ਦਾ ਸੰਵਿਧਾਨਕ ਸਲਾਹਕਾਰ ਨਿਯੁਕਤ ਕੀਤਾ ਗਿਆ ਸੀ।
- **13 ਦਸੰਬਰ, 1946** ਨੂੰ ਜਵਾਹਰ ਲਾਲ ਨਹਿਰੂ ਨੇ ਇਤਿਹਾਸਕ " **ਉਦੇਸ਼** ਪ੍ਰਸਤਾਵ " ਪੇਸ਼ ਕੀਤਾ ਜਿਸ ਨੇ ਸੰਵਿਧਾਨਕ ਢਾਂਚੇ ਦੇ ਮੂਲ ਅਤੇ ਦਰਸ਼ਨ ਨੂੰ ਨਿਸ਼ਚਿਤ ਕੀਤਾ।
- ਸੰਵਿਧਾਨ ਸਭਾ ਦੀ ਦੂਹਰੀ ਭੂਮਿਕਾ: ਜਦੋਂ ਵੀ ਸੰਵਿਧਾਨ ਸਭਾ ਸੰਵਿਧਾਨਕ ਸੰਸਥਾ ਦੇ ਰੂਪ ਵਿੱਚ ਮਿਲਦੀ ਸੀ ਤਾਂ ਇਸਦੀ ਪ੍ਰਧਾਨਗੀ ਡਾ. ਰਾਜੇਂਦਰ ਪ੍ਰਸਾਦ ਦੁਆਰਾ ਕੀਤੀ ਜਾਂਦੀ ਸੀ ਅਤੇ ਜਦੋਂ ਇਹ ਵਿਧਾਨਕ ਸੰਸਥਾ ਦੇ ਰੂਪ ਵਿੱਚ ਮਿਲਦੀ ਸੀ ਤਾਂ ਇਸ ਦੀ ਪ੍ਰਧਾਨਗੀ **ਗਣੇਸ਼ ਵਾਸੁਦੇਵਾ ਮਾਵਲੰਕਰ ("ਭਾਰਤੀ ਲੋਕ ਸਭਾ ਦੇ ਪਿਤਾ" ਵਜੋਂ** ਜਾਣਿਆ ਜਾਂਦਾ ਹੈ।) **ਦੁਆਰਾ ਕੀਤੀ ਜਾਂਦੀ ਸੀ।**
- **22 ਜੁਲਾਈ, 1947** ਨੂੰ **ਰਾਸ਼ਟਰੀ ਝੰਡਾ** ਅਪਣਾਇਆ।
- **24 ਜਨਵਰੀ, 1950** ਨੂੰ ਡਾ. ਰਾਜੇਂਦਰ ਪ੍ਰਸਾਦ ਭਾਰਤ ਦੇ ਪਹਿਲੇ ਰਾਸ਼ਟਰਪਤੀ ਵਜੋਂ ਚੁਣੇ ਗਏ।
- **ਮਈ 1949** ਵਿੱਚ ਭਾਰਤ ਨੇ ਰਾਸ਼ਟਰਮੰਡਲ ਦੀ ਮੈਂਬਰਸ਼ਿਪ ਦੀ ਪੁਸ਼ਟੀ ਕੀਤੀ।

## ਸੰਵਿਧਾਨ ਸਭਾ ਦੀਆਂ ਪ੍ਰਮੁੱਖ ਕਮੇਟੀਆਂ

- ਸੰਘੀ ਸ਼ਕਤੀ **ਕਮੇਟੀ - ਜਵਾਹਰ ਲਾਲ ਨਹਿਰੂ**
- **ਸੂਬਾਈ ਸੰਵਿਧਾਨ ਕਮੇਟੀ - ਸਰਦਾਰ ਪਟੇਲ**
- **ਮੌਲਿਕ ਅਧਿਕਾਰਾਂ, ਘੱਟ ਗਿਣਤੀਆਂ ਅਤੇ ਕਬਾਇਲੀ ਮਾਮਲਿਆਂ ਬਾਰੇ ਸਲਾਹਕਾਰ ਕਮੇਟੀ - ਸਰਦਾਰ ਪਟੇਲ**
- **ਸੰਚਾਲਨ ਕਮੇਟੀ - ਡਾ: ਰਾਜੇਂਦਰ ਪ੍ਰਸਾਦ**
- ਖਰੜਾ **ਕਮੇਟੀ (29 ਅਗਸਤ**, 1947 ਨੂੰ ਸਥਾਪਿਤ) - ਡਾ. ਬੀ ਆਰ ਅੰਬੇਡਕਰ (ਚੇਅਰਮੈਨ)

ਭਾਰਤੀ ਸੰਵਿਧਾਨ ਦੀ ਖਰੜਾ ਕਮੇਟੀ ਦੇ ਮੈਂਬਰ ਸਨ:

***ਡਾ. ਬੀ.ਆਰ. ਅੰਬੇਦਕਰ**: ਕਮੇਟੀ ਦੇ ਚੇਅਰਮੈਨ, ਅਤੇ "ਸੰਵਿਧਾਨ ਦੇ ਪਿਤਾ" ਵਜੋਂ ਜਾਣੇ ਜਾਂਦੇ, **ਅਲਾਦੀ ਕ੍ਰਿਸ਼ਨਾਸਵਾਮੀ ਅਈਅਰ, ਐਨ. ਗੋਪਾਲਸਵਾਮੀ, ਕੇ.ਐਮ. ਮੁਨਸ਼ੀ**, **ਮੁਹੰਮਦ ਸਾਦੁੱਲਾ**, **ਬੀ.ਐਲ. ਮਿਤਰ** (ਸਿਹਤ ਕਾਰਨਾਂ ਕਰਕੇ ਅਸਤੀਫ਼ਾ ਦੇਣ ਵਾਲੇ ਪ੍ਰਮੁੱਖ ਕਾਨੂੰਨੀ ਮਾਹਿਰ) ਅਤੇ **ਡੀਪੀ ਖੇਤਾਨ** ( 1948 ਵਿੱਚ ਉਸਦੀ ਮੌਤ ਤੋਂ ਬਾਅਦ ਟੀਟੀ ਕ੍ਰਿਸ਼ਨਾਮਾਚਾਰੀ ਦੁਆਰਾ ਬਦਲਿਆ ਗਿਆ ਸੀ)*

ਕਮੇਟੀ ਦੀ ਪਹਿਲੀ ਮੀਟਿੰਗ 30 ਅਗਸਤ 1947 ਨੂੰ ਹੋਈ ਸੀ

- ਸੰਵਿਧਾਨ ਸਭਾ ਦੇ ਕੁੱਲ 11 ਸੈਸ਼ਨ ਸਨ। ਜਿਨ੍ਹਾਂ ਦੌਰਾਨ ਭਾਰਤ ਦਾ ਸੰਵਿਧਾਨ ਬਣਨ ਲਈ 2 ਸਾਲ, 11 ਮਹੀਨੇ ਅਤੇ 18 ਦਿਨਾਂ ਲੱਗੇ।
- **26 ਨਵੰਬਰ, 1949 ਨੂੰ ਅਪਣਾਏ ਗਏ ਸੰਵਿਧਾਨ ਵਿੱਚ ਇੱਕ ਪ੍ਰਸਤਾਵਨਾ, 395 ਧਾਰਾਵਾਂ ਅਤੇ 8 ਅਨੁਸੂਚੀਆਂ ਸ਼ਾਮਲ ਸਨ।**
- ਅਤੇ 26 ਜਨਵਰੀ 1950 ਨੂੰ ਸੰਵਿਧਾਨ **ਲਾਗੂ ਹੋਇਆ,** ਜਿਸ ਨੂੰ " **ਗਣਤੰਤਰ ਦਿਵਸ" ਵਜੋਂ ਮਨਾਇਆ ਜਾਂਦਾ ਹੈ।**

Toppersnotes
Unleash the topper in you

# ਭਾਰਤੀ ਸੰਵਿਧਾਨ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ

**42 ਵਾਂ ਸੋਧ ਐਕਟ 1976 " ਮਿਨੀ ਸੰਵਿਧਾਨ "** ਵਜੋਂ ਜਾਣਿਆ ਜਾਂਦਾ ਹੈ।

- **ਸਭ ਤੋਂ ਲੰਬਾ, ਲਿਖਤੀ ਸੰਵਿਧਾਨ**
- **ਕਠੋਰਤਾ ਅਤੇ ਲਚਕਤਾ ਦਾ ਸੁਮੇਲ**
- ਅਰਧ **ਸੰਘੀ** ਢਾਂਚਾ: **ਭਾਰਤੀ ਸੰਵਿਧਾਨ ਨੂੰ "ਰੂਪ ਵਿੱਚ ਸੰਘੀ ਪਰ ਆਤਮਾ ਵਿੱਚ ਏਕਤਾ" ਵਜੋਂ ਦਰਸਾਇਆ ਗਿਆ ਹੈ ਭਾਵ ਕੇਸੀ ਵ੍ਹੀਅਰ ਦੁਆਰਾ ਦਿੱਤਾ ਗਿਆ ਅਰਧ-ਸੰਘੀ ਸ਼ਬਦ।**
- ਸੰਸਦੀ ਸ਼ਾਸਨ ਪ੍ਰਣਾਲੀ **ਸਰਕਾਰ ਦਾ ਸੰਸਦੀ ਰੂਪ**
- **ਏਕੀਕ੍ਰਿਤ ਅਤੇ ਸੁਤੰਤਰ ਨਿਆਂਪਾਲਿਕਾ:**
- ਸਰਵ ਵਿਆਪਕ ਬਾਲਗ ਮੱਤ ਅਧਿਕਾਰ: **ਭਾਵ ਭਾਰਤ ਦੇ ਹਰੇਕ ਨਾਗਰਿਕ ਨੂੰ ਬਿਨਾਂ ਕਿਸੇ ਭੇਦਭਾਵ ਦੇ (ਜਿਸ ਦੀ ਉਮਰ 18 ਸਾਲ ਤੋਂ ਘੱਟ ਨਾ ਹੋਵੇ) ਨੂੰ ਵੋਟ ਪਾਉਣ ਦਾ ਅਧਿਕਾਰ ਹੈ। 61 ਵੀਂ ਸੰਵਿਧਾਨਕ ਸੋਧ ਐਕਟ 1988 ਦੁਆਰਾ ਵੋਟ ਪਾਉਣ ਦੀ ਉਮਰ 1989 ਵਿੱਚ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿੱਤੀ ਗਈ ਹੈ।**
- ਇਕਹਿਰੀ ਨਾਗਰਿਕਤਾ: **ਭਾਵ ਭਾਰਤੀ ਨਾਗਰਿਕਤਾ**
- **ਤਿੰਨ-ਪੱਧਰੀ ਸਰਕਾਰ:**




Toppersnotes
Unleash the topper in you

# ਭਾਰਤੀ ਸੰਵਿਧਾਨ ਦੇ ਸਰੋਤ

| ਕ੍ਰਮ | ਸਰੋਤ | ਵਿਸ਼ੇਸ਼ਤਾਵਾਂ ਉਧਾਰ |
|---|---|---|
| 1. | **ਭਾਰਤ ਸਰਕਾਰ ਐਕਟ 1935** | ਸੰਘੀ ਢਾਂਚਾ, ਗਵਰਨਰ ਦਾ ਪਦ, ਨਿਆਂਪਾਲਿਕਾ, ਲੋਕ ਸੇਵਾ ਆਯੋਗ , ਸੰਕਟ ਕਾਲੀਨ ਵਿਵਸਥਾਵਾਂ। |
| 2. | **ਬਰਤਾਨੀਆ** | ਸੰਸਦੀ ਸਰਕਾਰ, ਕਾਨੂੰਨ ਦਾ ਰਾਜ, ਇਕਹਿਰੀ ਨਾਗਰਿਕਤਾ, ਕੈਬਨਿਟ ਪ੍ਰਣਾਲੀ, ਅਧਿਕਾਰਤ ਲਿਖਤਾਂ, ਦੋ ਸਦਨੀ ਵਿਧਾਨ ਮੰਡਲ |
| 3. | **ਅਮਰੀਕੀ ਸੰਵਿਧਾਨ** | ਮੌਲਿਕ ਅਧਿਕਾਰ, ਨਿਆਂਪਾਲਿਕਾ ਦੀ ਸੁਤੰਤਰਤਾ, ਨਿਆਂਇਕ ਸਮੀਖਿਆ, ਰਾਸ਼ਟਰਪਤੀ ਦਾ ਮਹਾਦੋਸ਼, ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਜੱਜਾਂ ਨੂੰ ਹਟਾਉਣਾ, ਉਪ-ਰਾਸ਼ਟਰਪਤੀ ਦਾ ਅਹੁਦਾ। |
| 4. | **ਆਇਰਲੈਂਡ ਸੰਵਿਧਾਨ** | ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ, ਰਾਜ ਸਭਾ ਲਈ ਮੈਂਬਰਾਂ ਦੀ ਨਾਮਜ਼ਦਗੀ, ਰਾਸ਼ਟਰਪਤੀ ਦੀ ਚੋਣ ਦੀ ਵਿਧੀ। |
| 5. | **ਕੈਨੇਡਾ** | ਮਜ਼ਬੂਤ ਕੇਂਦਰ ਵਾਲਾ ਸੰਘੀ ਢਾਂਚਾ, ਕੇਂਦਰ ਦੁਆਰਾ ਰਾਜ ਦੇ ਗਵਰਨਰਾਂ ਦੀ ਨਿਯੁਕਤੀ, ਸੁਪਰੀਮ ਕੋਰਟ ਦਾ ਸਲਾਹਕਾਰ ਅਧਿਕਾਰ ਖੇਤਰ। |

| | | |
|---|---|---|
| 6. | **ਆਸਟ੍ਰੇਲੀਆ** | ਸਮਕਾਲੀ ਸੂਚੀ, ਸੰਸਦ ਦੇ ਦੋ ਸਦਨਾਂ ਦੀ ਸਾਂਝੀ ਬੈਠਕ। |
| 7. | **ਜਰਮਨੀ ਦਾ** ਵੀਮਰ **ਸੰਵਿਧਾਨ** | ਸੰਕਟ ਕਾਲਿਨ ਦੌਰਾਨ ਮੌਲਿਕ ਅਧਿਕਾਰਾਂ ਦੀ ਮੁਅੱਤਲੀ। |
| 8. | **USSR ਹੁਣ ਰੂਸ** | ਪ੍ਰਸਤਾਵਨਾ ਵਿੱਚ ਬੁਨਿਆਦੀ ਕਰਤੱਵਾਂ, ਨਿਆਂ ਦੇ ਆਦਰਸ਼ (ਸਮਾਜਿਕ, ਆਰਥਿਕ ਅਤੇ ਰਾਜਨੀਤਿਕ)। |
| 9. | ਫਰਾਂਸ ਦਾ ਸੰਵਿਧਾਨ | ਗਣਰਾਜ, ਪ੍ਰਸਤਾਵਨਾ ਵਿੱਚ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਦੇ ਆਦਰਸ਼। |
| 10. | **ਦੱਖਣੀ ਅਫ਼ਰੀਕਾ ਦਾ ਸੰਵਿਧਾਨ** | ਸੰਵਿਧਾਨ ਵਿੱਚ ਸੋਧ ਅਤੇ ਰਾਜ ਸਭਾ ਦੇ ਮੈਂਬਰਾਂ ਦੀ ਚੋਣ ਦੀ ਪ੍ਰਕਿਰਿਆ। |

## ਭਾਰਤੀ ਸੰਵਿਧਾਨ ਦੀ ਅਨੁਸੂਚੀਆਂ

| ਅਨੁਸੂਚੀ | ਵਿਸ਼ਾ ਵਸਤੂ |
|---|---|
| **ਪਹਿਲਾਂ** | ਰਾਜਾਂ ਦੇ ਨਾਮ ਅਤੇ ਉਹਨਾਂ ਦੇ ਖੇਤਰੀ ਅਧਿਕਾਰ ਖੇਤਰ।<br>ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਨਾਮ ਅਤੇ ਉਹਨਾਂ ਦੀ ਹੱਦ। |
| **ਦੂਜਾ** | ਰਾਸ਼ਟਰਪਤੀ, ਰਾਜਪਾਲਾਂ, ਲੋਕ ਸਭਾ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਸਪੀਕਰ ਅਤੇ ਡਿਪਟੀ ਸਪੀਕਰ, ਰਾਜ ਸਭਾ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਚੇਅਰਮੈਨ ਅਤੇ ਉਪ ਚੇਅਰਮੈਨ, ਸੁਪਰੀਮ ਕੋਰਟ ਅਤੇ ਉੱਚ ਅਦਾਲਤ ਦੇ ਜੱਜਾਂ ਦੀਆਂ **ਤਨਖਾਹਾਂ, ਭੱਤੇ, ਵਿਸ਼ੇਸ਼ ਅਧਿਕਾਰਾਂ ਅਤੇ ਹੋਰ** ਨਾਲ ਸਬੰਧਤ ਵਿਵਸਥਾਵਾਂ ਅਦਾਲਤਾਂ, ਕੈਗ. |
| **ਤੀਜਾ** | **ਸਹੁੰ ਜਾਂ ਪੁਸ਼ਟੀ** ਦੇ ਰੂਪ-<br>ਕੇਂਦਰੀ ਮੰਤਰੀ ਅਤੇ ਰਾਜ ਮੰਤਰੀ, ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੇ ਮੈਂਬਰ, ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਦੇ ਜੱਜ, ਭਾਰਤ ਦੇ ਕੈਗ। |
| **ਚੌਥਾ** | ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਰਾਜ ਸਭਾ ਵਿੱਚ ਸੀਟਾਂ ਦੀ ਵੰਡ। |
| **ਪੰਜਵਾਂ** | ਅਨੁਸੂਚਿਤ ਅਤੇ ਕਬਾਇਲੀ ਖੇਤਰਾਂ ਦੇ ਪ੍ਰਸ਼ਾਸਨ ਅਤੇ ਨਿਯੰਤਰਣ ਨਾਲ ਸਬੰਧਤ ਵਿਵਸਥਾਵਾਂ। |
| **ਛੇਵਾਂ** | **ਅਸਾਮ, ਮੇਘਾਲਿਆ, ਤ੍ਰਿਪੁਰਾ ਅਤੇ ਮਿਜ਼ੋਰਮ** ਰਾਜਾਂ ਵਿੱਚ ਕਬਾਇਲੀ ਖੇਤਰਾਂ ਵਿੱਚ ਪ੍ਰਸ਼ਾਸਨ ਨਾਲ ਸਬੰਧਤ ਵਿਵਸਥਾਵਾਂ । |
| **ਸੱਤਵਾਂ** | ਸੂਚੀਆਂ ਦੇ ਰੂਪ ਵਿੱਚ ਕੇਂਦਰ ਅਤੇ ਰਾਜਾਂ ਵਿਚਕਾਰ ਸ਼ਕਤੀਆਂ ਦੀ ਵੰਡ-<br>I. ਸੰਘੀ ਸੂਚੀ (100 ਵਿਸ਼ੇ), II. ਰਾਜ ਸੂਚੀ (61 ਵਿਸ਼ੇ), III. ਸਮਵਰਤੀ ਸੂਚੀ (52 ਵਿਸ਼ੇ)। |
| **ਅੱਠਵਾਂ** | ਭਾਸ਼ਾਵਾਂ (22 ਭਾਸ਼ਾਵਾਂ ਨੂੰ ਸੰਵਿਧਾਨ ਦੁਆਰਾ ਮਾਨਤਾ ਪ੍ਰਾਪਤ ਹਨ)<br>21 ਵੀਂ ਸੋਧ 1967- ਸਿੰਧੀ<br>71 ਵੀਂ ਸੋਧ 1992 – ਨੇਪਾਲੀ, ਕੋਂਕਣੀ, ਮਨੀਪੁਰੀ<br>92 ਵੀਂ ਸੋਧ 2003- ਬੋਡੋ, ਡੋਗਰੀ, ਮੈਥਾਲੀ, ਸੰਥਾਲੀ। |
| **ਨੌਵਾਂ (1 ਸੋਧ 1951 ਦੁਆਰਾ ਜੋੜਿਆ ਗਿਆ)** | ਜ਼ਿਮੀਦਾਰੀ ਪ੍ਰਥਾ ਦਾ ਖਾਤਮਾ। |
| **ਦਸਵਾਂ** | ਦਲ-ਬਦਲੀ ਦੇ ਆਧਾਰ 'ਤੇ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੇ ਮੈਂਬਰਾਂ ਨੂੰ ਅਯੋਗ ਠਹਿਰਾਉਣ ਨਾਲ ਸਬੰਧਤ ਵਿਵਸਥਾਵਾਂ। ਅਨੁਸੂਚੀ ਨੂੰ **1985 ਦੇ 52ਵੇਂ ਸੰਸ਼ੋਧਨ ਐਕਟ ਦੁਆਰਾ ਜੋੜਿਆ ਗਿਆ ਸੀ** ਜਿਸਨੂੰ " **ਦਲ**-ਬਦਲੂ ਰੋਕੂ ਸਬੰਧੀ **ਕਾਨੂੰਨ" ਵਜੋਂ ਜਾਣਿਆ ਜਾਂਦਾ ਹੈ।** |
| **ਗਿਆਰ੍ਹਵਾਂ (73 ਵੀਂ ਸੋਧ 1992 ਦੁਆਰਾ ਜੋੜਿਆ ਗਿਆ)** | ਪੰਚਾਇਤਾਂ ਨੂੰ ਸ਼ਕਤੀਆਂ, ਅਧਿਕਾਰ ਅਤੇ ਜ਼ਿੰਮੇਵਾਰੀਆਂ ਨੂੰ ਦਰਸਾਉਂਦਾ ਹੈ। ਇਸ ਵਿੱਚ **29 ਮਾਮਲੇ** ਹਨ । |
| **ਬਾਰ੍ਹਵਾਂ (74 ਵੀਂ ਸੋਧ 1992 ਦੁਆਰਾ ਜੋੜਿਆ ਗਿਆ)** | ਨਗਰ ਪਾਲਿਕਾਵਾਂ ਨੂੰ ਸ਼ਕਤੀਆਂ, ਅਧਿਕਾਰ ਅਤੇ ਜ਼ਿੰਮੇਵਾਰੀਆਂ ਨੂੰ ਦਰਸਾਉਂਦਾ ਹੈ। ਇਸ ਵਿੱਚ **18 ਮਾਮਲੇ ਹਨ** |

## ਸੰਵਿਧਾਨ ਦੀ ਪ੍ਰਸਤਾਵਨਾ

ਵੱਖ-ਵੱਖ ਵਿਦਵਾਨਾਂ ਨੇ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਵੱਖ-ਵੱਖ ਤਰੀਕਿਆਂ ਨਾਲ ਬਿਆਨ ਕੀਤਾ ਹੈ, ਜਿਸ ਵਿੱਚ ਸ਼ਾਮਲ ਹਨ:

| **ਲੇਖਕ** | **ਪ੍ਰਸਤਾਵਨਾ ਲਈ ਮਿਆਦ** |
|---|---|
| ਪੰਡਿਤ ਠਾਕੁਰ ਦਾਸ ਭਾਰਗਵ | ਸੰਵਿਧਾਨ ਦੀ ਆਤਮਾ |
| ਕੇ.ਐਮ ਮੁਨਸ਼ੀ | ਰਾਜਨੀਤਿਕ ਜਨਮ ਕੁੰਡਲੀ |
| ਅਰਨੇਸਟ ਬਾਰਕਰ | ਸੰਵਿਧਾਨ ਦੀ ਕੁੰਜੀ |
| ਐਨ.ਏ.ਪਾਲਖੀਵਾਲਾ | ਸੰਵਿਧਾਨ ਦਾ ਪਛਾਣ ਪੱਤਰ |

- **42 ਵੇਂ ਸੰਵਿਧਾਨਕ ਸੋਧ ਐਕਟ 1976** ਦੁਆਰਾ ਪ੍ਰਸਤਾਵਨਾ ਵਿੱਚ ਤਿੰਨ ਨਵੇਂ ਸ਼ਬਦ ਸ਼ਾਮਲ ਕੀਤੇ ਗਏ- **ਸਮਾਜਵਾਦੀ, ਧਰਮ ਨਿਰਪੱਖ ਅਤੇ ਅਖੰਡਤਾ।**


ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾਂ

"ਅਸੀਂ ਭਾਰਤ ਦੇ ਲੋਕ, ਦ੍ਰਿੜ ਸੰਕਲਪ ਹੋ ਕੇ ਭਾਰਤ ਨੂੰ ਇਕ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰੀ, ਗਣਰਜ ਬਣਾਉਣ ਲਈ ਅਤੇ ਇਸਦੇ ਸਾਰੇ ਨਾਗਰਿਕਾਂ ਲਈ;
ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ;
ਸੋਚਣ, ਵਿਚਾਰਾਂ ਦੇ ਪ੍ਰਗਟਾਵੇ, ਵਿਸ਼ਵਾਸ਼, ਧਰਮ ਅਤੇ ਪੂਜਾ ਦੀ ਸੁਤੰਤਰਤਾ;
ਰੁਤਬੇ ਅਤੇ ਮੌਕਿਆਂ ਦੀ ਸਮਾਨਤਾ;
ਨੂੰ ਪ੍ਰਾਪਤ ਕਰਵਾਉਣ ਲਈ;
ਅਤੇ ਉਹਨਾ ਸਾਰਿਆਂ ਵਿੱਚ ਵਿਅਕਤੀਗਤ ਗੌਰਵ ਅਤੇ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਯਕੀਨੀ ਬਣਾਉਣ ਵਾਲੇ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਲਈ;
ਆਪਣੀ ਸੰਵਿਧਾਨ ਸਭਾ ਵਿੱਚ ਅੱਜ ਛੱਬੀ ਨਵੰਬਰ, 1949 ਨੂੰ ਇਸ ਸੰਵਿਧਾਨ ਨੂੰ ਗ੍ਰਹਿਣ, ਅਧਿਨਿਯਮਤ ਅਤੇ ਆਤਮ ਸਮਰਪਿਤ ਕਰਦੇ ਹਾਂ"।

## ਪ੍ਰਸਤਾਵਨਾ ਸਬੰਧੀ ਕੇਸ ਅਧਿਐਨ

- ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦੀ ਸਥਿਤੀ ਉੱਤੇ ਸੁਪਰੀਮ ਕੋਰਟ ਦੇ ਕਈ ਮਾਮਲਿਆਂ ਵਿੱਚ ਬਹਿਸ ਹੋਈ ਹੈ। ਜਿਸ ਉੱਤੇ ਰੋਸ਼ਨੀ ਪਾਉਣ ਵਾਲੇ ਦੋ ਮਹੱਤਵਪੂਰਨ ਕੇਸ ਬੇਰੂਬਰੀ ਕੇਸ ਅਤੇ ਕੇਸ਼ਵਨੰਦ ਭਾਰਤੀ ਕੇਸ ਮੁੱਖ ਹਨ।

### ਬੇਰੂਬਰੀ ਕੇਸ (1960)

- ਬੇਰੂਬਰੀ ਕੇਸ ਵਿੱਚ, ਅੱਠ ਜੱਜਾਂ ਦੇ ਬੈਂਚ ਨੇ ਸਿੱਟਾ ਕੱਢਿਆ ਕਿ ਪ੍ਰਸਤਾਵਨਾ ਸੰਵਿਧਾਨ ਦਾ ਲਾਗੂ ਕਰਨ ਯੋਗ ਹਿੱਸਾ ਨਹੀਂ ਹੈ। ਇਹ ਸੰਵਿਧਾਨ ਦੇ ਅਨੁਛੇਦ 143(1) ਦੇ ਤਹਿਤ ਇੱਕ ਸੰਦਰਭ ਵਜੋਂ ਵਰਤਿਆ ਗਿਆ ਸੀ

**ਮੁੱਖ ਜੱਜ ਸੀ ਜੇ ਸਿਨਹਾ,**

**ਜੱਜ :** ਏ ਕੇ ਸਰਕਾਰ, ਜੇ ਸੀ ਸ਼ਾਹ, ਕੇ ਸੀ ਦਾਸ ਗੁਪਤਾ, ਕੇ. ਸੁਬਾ ਰਾਓ, ਐਮ ਹਿਦਾਇਤੁੱਲਾ, ਪੀ ਬੀ ਗਜੇਂਦਰਗੜਕਰ ਅਤੇ ਐਸ ਕੇ ਦਾਸ

ਇਸ ਦੀ ਸੁਣਵਾਈ 14 ਮਾਰਚ, 1960 ਨੂੰ ਭਾਰਤ ਦੀ ਸੁਪਰੀਮ ਕੋਰਟ ਵਿੱਚ ਹੋਈ। ਅਤੇ ਫੈਸਲਾ 1 ਅਪ੍ਰੈਲ, 1959 ਨੂੰ ਸੁਣਾਇਆ ਗਿਆ।

## **ਕੇਸ਼ਵਨੰਦ ਭਾਰਤੀ ਕੇਸ (1973)**

- ਕੇਸ਼ਵਨੰਦ ਭਾਰਤੀ ਕੇਸ ਨੇ ਪ੍ਰਸਤਾਵਨਾ ਦੀ ਵਿਆਖਿਆ ਵਿੱਚ ਇੱਕ ਮੋੜ ਲਿਆਇਆ। ਭਾਰਤ ਦੀ ਸੁਪਰੀਮ ਕੋਰਟ ਦੇ 13 ਜੱਜਾਂ ਦੀ ਬੈਂਚ

**ਮੁੱਖ ਜੱਜ ਐਸ.ਐਮ.ਸੀਕਰੀ**

***ਜੱਜ :*** *ਜਸਟਿਸ ਜੇ.ਐਮ.ਸ਼ੇਲਟ-ਜਸਟਿਸ ਕੇ.ਐਸ.ਹੇਗੜੇ-ਜਸਟਿਸ ਏ.ਐਨ. ਗਰੋਵਰ-ਜਸਟਿਸ ਏ.ਐਨ.ਰੇ-ਜਸਟਿਸ ਪੀ. ਜਗਨਮੋਹਨ ਰੈੱਡੀ-ਜਸਟਿਸ ਡੀ.ਜੀ. ਪਾਲੇਕਰ-ਜਸਟਿਸ ਐਚ.ਆਰ ਖੰਨਾ-ਜਸਟਿਸ ਕੇਕੇ ਮੈਥਿਊ-ਜਸਟਿਸ ਐਮ.ਐਚ. ਬੇਗ-ਜਸਟਿਸ ਐਸ.ਐਨ. ਦਿਵੇਦੀ-ਜਸਟਿਸ ਵਾਈ ਮੁਕੇਜੇ ਚੰਦਰਚੂੜ*

ਇਸ ਕੇਸ ਦੀ ਸੁਣਵਾਈ ਛੇ ਮਹੀਨੇ ਚੱਲੀ ਅਤੇ 24 ਅਪ੍ਰੈਲ 1973 ਨੂੰ ਫੈਸਲਾ ਸੁਣਾਇਆ ਗਿਆ। ਇਹ ਫੈਸਲਾ 7 ਦੇ ਬਹੁਮਤ ਨਾਲ ਸੁਣਾਇਆ ਗਿਆ।

- ✓ ਪ੍ਰਸਤਾਵਨਾ ਨੂੰ ਹੁਣ ਸੰਵਿਧਾਨ ਦਾ ਅਨਿੱਖੜਵਾਂ ਅੰਗ ਮੰਨਿਆ ਜਾਂਦਾ ਹੈ।
- ✓ ਪ੍ਰਸਤਾਵਨਾ ਪਰਮ ਸ਼ਕਤੀ ਜਾਂ ਪਾਬੰਦੀਆਂ ਦਾ ਸਰੋਤ ਨਹੀਂ ਹੈ। ਹਾਲਾਂਕਿ, ਇਹ ਸੰਵਿਧਾਨ ਦੇ ਨਿਯਮਾਂ ਅਤੇ ਉਪਬੰਧਾਂ ਦੀ ਵਿਆਖਿਆ ਕਰਨ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਅਦਾ ਕਰਦਾ ਹੈ।

1995 ਦੇ ਮਾਮਲੇ ਵਿੱਚ ਕੇਂਦਰ ਸਰਕਾਰ ਬਨਾਮ. ਭਾਰਤ ਦੇ LIC, SC ਨੇ ਮੁੜ ਪੁਸ਼ਟੀ ਕੀਤੀ ਕਿ ਪ੍ਰਸਤਾਵਨਾ ਸੰਵਿਧਾਨ ਦਾ ਇੱਕ ਅਨਿੱਖੜਵਾਂ ਅੰਗ ਹੈ।

# ਸੰਘ ਅਤੇ ਇਸਦੀ ਹੱਦ

## **ਭਾਗ I (ਅਨੁਛੇਦ 1-4)**

- ਅਨੁਛੇਦ **1** ਕਹਿੰਦਾ ਹੈ ਕਿ- " **ਭਾਰਤ ਰਾਜਾਂ ਦਾ ਸੰਘ ਵਜੋਂ** "।
- ਅਨੁਛੇਦ **2** ਸੰਸਦ ਨੂੰ " **ਭਾਰਤ ਸੰਘ ਵਿੱਚ ਦਾਖਲਾ ਦੇਣ** (ਰਾਜਾਂ ਦੇ ਦਾਖਲੇ ਨੂੰ ਦਰਸਾਉਂਦਾ ਹੈ ਜੋ ਪਹਿਲਾਂ ਹੀ ਮੌਜੂਦ ਹਨ) ਜਾਂ **ਨਵੀਂ ਸਥਾਪਨਾ ਕਰਨ ਦਾ ਅਧਿਕਾਰ ਦਿੰਦਾ ਹੈ ਰਾਜ** (ਰਾਜਾਂ ਦੀ ਸਥਾਪਨਾ ਦਾ ਹਵਾਲਾ ਦਿੰਦਾ ਹੈ ਜੋ ਪਹਿਲਾਂ ਹੋਂਦ ਵਿੱਚ ਨਹੀਂ ਸਨ)।
- ਅਨੁਛੇਦ **3** ਸੰਸਦ ਨੂੰ ਨਵੇਂ ਰਾਜਾਂ ਦੇ ਗਠਨ ਅਤੇ ਮੌਜੂਦਾ ਰਾਜਾਂ ਦੇ ਖੇਤਰਾਂ, ਸੀਮਾਵਾਂ ਜਾਂ ਨਾਵਾਂ ਨੂੰ ਬਦਲਣ ਦਾ ਅਧਿਕਾਰ ਦਿੰਦਾ ਹੈ।
- ਅਨੁਛੇਦ 4 ਘੋਸ਼ਣਾ ਕਰਦਾ ਹੈ ਕਿ ਅਨੁਛੇਦ 2 ਅਤੇ 3 ਦੇ ਤਹਿਤ ਬਣਾਏ ਗਏ ਕਾਨੂੰਨ ਸਧਾਰਨ ਬਹੁਮਤ ਦੁਆਰਾ ਪਾਸ ਕੀਤੇ ਜਾ ਸਕਦੇ ਹਨ

## **ਨਾਗਰਿਕਤਾ - ਭਾਗ II (ਅਨੁਛੇਦ 5-11)**

- ਭਾਰਤੀ ਸੰਵਿਧਾਨ ਇਕਹਿਰੀ ਨਾਗਰਿਕਤਾ ਭਾਵ ਭਾਰਤੀ ਨਾਗਰਿਕਤਾ ਪ੍ਰਦਾਨ ਕਰਦਾ ਹੈ।
- ਨਾਗਰਿਕਤਾ ਐਕਟ 1955 ਨਾਗਰਿਕਤਾ ਪ੍ਰਾਪਤ ਕਰਨ ਦੇ ਪੰਜ ਤਰੀਕੇ ਨਿਰਧਾਰਤ ਕਰਦਾ ਹੈ:

1. ਜਨਮ ਦੁਆਰਾ
2. ਵੰਸ਼ਜ਼ ਦੁਆਰਾ
3. ਰਾਜਕ੍ਰਿਤਤਾ ਦੁਆਰਾ
4. ਰਜਿਸਟ੍ਰੇਸ਼ਨ ਦੁਆਰਾ
5. ਖੇਤਰ ਨੂੰ ਸ਼ਾਮਿਲ ਕਰਨ ਦੁਆਰਾ.

# ਮੌਲਿਕ ਅਧਿਕਾਰ-III (ਅਨੁਛੇਦ 12 -35)

**ਸੰਪਤੀ ਦਾ ਅਧਿਕਾਰ** 44 ਵੀਂ ਸੋਧ ਐਕਟ 1978 ਦੁਆਰਾ ਮੌਲਿਕ ਅਧਿਕਾਰਾਂ ਦੀ ਸੂਚੀ ਵਿੱਚੋਂ ਹਟਾ ਦਿੱਤਾ ਗਿਆ ਸੀ। ਇਸ ਨੂੰ ਸੰਵਿਧਾਨ ਦੇ **ਭਾਗ XII ਵਿੱਚ** ਅਨੁਛੇਦ **300-ਏ** ਦੇ ਤਹਿਤ ਕਾਨੂੰਨੀ ਅਧਿਕਾਰ ਬਣਾਇਆ ਗਿਆ ਹੈ। ਇਸ ਲਈ, ਮੌਜੂਦਾ ਸਮੇਂ ਵਿੱਚ ਕੇਵਲ ਛੇ ਮੌਲਿਕ ਅਧਿਕਾਰ ਹਨ।

## ਮੌਲਿਕ ਅਧਿਕਾਰ: ਇੱਕ ਨਜ਼ਰ ਵਿੱਚ

| ਸ਼੍ਰੇਣੀ | ਸ਼ਾਮਲ ਹਨ |
|---|---|
| 1. ਸਮਾਨਤਾ ਦਾ ਅਧਿਕਾਰ<br>(ਅਨੁਛੇਦ 14-18) | ਅਨੁਛੇਦ **-14** ਕਾਨੂੰਨ ਦੇ ਸਾਹਮਣੇ ਸਮਾਨਤਾ ਅਤੇ ਕਾਨੂੰਨਾਂ ਦੀ ਬਰਾਬਰ ਸੁਰੱਖਿਆ<br>ਅਨੁਛੇਦ **-15** ਧਰਮ, ਨਸਲ, ਜਾਤ, ਲਿੰਗ ਜਾਂ ਜਨਮ ਸਥਾਨ ਦੇ ਆਧਾਰ 'ਤੇ ਵਿਤਕਰੇ ਦੀ ਮਨਾਹੀ।<br>ਅਨੁਛੇਦ **-16** ਮੌਕਿਆਂ ਦੀ ਸਮਾਨਤਾ<br>ਅਨੁਛੇਦ **-17** ਛੂਤ-ਛਾਤ ਦੀ ਸਮਾਪਤੀ<br>ਅਨੁਛੇਦ **-18** ਖ਼ਿਤਾਬਾਂ ਦੀ ਸਮਾਪਤੀ |
| 2. ਸੁਤੰਤਰਤਾ ਦਾ ਅਧਿਕਾਰ<br>(ਅਨੁਛੇਦ 19-22) | ਅਨੁਛੇਦ **-19** ਦੀ ਸੁਤੰਤਰਤਾ ਬਾਰੇ ਛੇ ਅਧਿਕਾਰਾਂ ਦੀ ਸੁਰੱਖਿਆ: (i) ਬੋਲਣ ਅਤੇ ਵਿਚਾਰ ਪ੍ਰਗਟਾਵਾ ; (ii) ਸ਼ਾਂਤੀਪੂਰਵਕ ਇਕੱਠੇ ਹੋਣਾ; (iii) ਸੰਘਾਂ ਦਾ ਗਠਣ ; (iv) ਅੰਦੋਲਨ; (v) ਨਿਵਾਸ; (vi) ਕਿੱਤਾ<br>ਅਨੁਛੇਦ **-20** ਅਪਰਾਧਾਂ ਲਈ ਦੋਸ਼ੀ ਠਹਿਰਾਉਣ ਦੇ ਸਬੰਧ ਵਿੱਚ ਸੁਰੱਖਿਆ<br>No Ex- post fact<br>No Double jeo party<br>NO Self incrimination<br>ਅਨੁਛੇਦ **-21** ਜੀਵਨ ਅਤੇ ਨਿੱਜੀ ਆਜ਼ਾਦੀ ਦੀ ਸੁਰੱਖਿਆ<br>ਅਨੁਛੇਦ **-21A ਮੁਢਲੀ ਸਿੱਖਿਆ ਦਾ ਅਧਿਕਾਰ ( 14 ਸਾਲ ਦੀ ਉਮਰ ਤੱਕ 86ਵੇਂ ਸੰਵਿਧਾਨਕ ਸੋਧ ਐਕਟ 2002 ਦੁਆਰਾ ਸੋਧਿਆ ਗਿਆ ਹੈ)**<br>ਅਨੁਛੇਦ **-22** ਕੁਝ ਮਾਮਲਿਆਂ ਵਿੱਚ ਗ੍ਰਿਫਤਾਰੀ ਅਤੇ ਨਜ਼ਰਬੰਦੀ ਤੋਂ ਸੁਰੱਖਿਆ। |
| 3. ਸ਼ੋਸ਼ਣ ਦੇ ਵਿਰੁੱਧ ਅਧਿਕਾਰ<br>(ਅਨੁਛੇਦ 23-24) | ਅਨੁਛੇਦ **-23** ਮਨੁੱਖਾਂ ਤਸਕਰੀ ਅਤੇ ਜਬਰੀ ਮਜ਼ਦੂਰੀ ਦੀ ਮਨਾਹੀ।<br>ਅਨੁਛੇਦ **-24** ਕਾਰਖਾਨਿਆਂ ਆਦਿ ਵਿੱਚ ਬੱਚਿਆਂ ਦੇ ਰੁਜ਼ਗਾਰ ਦੀ ਮਨਾਹੀ। |
| 4.ਧਾਰਮਿਕ ਸੁਤੰਤਰਤਾ ਅਧਿਕਾਰ<br>(ਅਨੁਛੇਦ 25-28) | ਅਨੁਛੇਦ **-25** ਕਿਸੇ ਵੀ ਧਰਮ ਨੂੰ ਮੰਨਣ ਅਤੇ ਅਪਣਾਉਣ ਦੀ ਆਜ਼ਾਦੀ।<br>ਅਨੁਛੇਦ **-26** ਧਾਰਮਿਕ ਮਾਮਲਿਆਂ ਦਾ ਪ੍ਰਬੰਧਨ ਕਰਨ ਦੀ ਆਜ਼ਾਦੀ।<br>ਅਨੁਛੇਦ **-27** ਕਿਸੇ ਵਿਸ਼ੇਸ਼ ਧਰਮ ਦੇ ਪ੍ਰਚਾਰ ਲਈ ਟੈਕਸਾਂ ਦੀ ਅਦਾਇਗੀ ਤੋਂ ਸੁਤੰਤਰਤਾ<br>ਅਨੁਛੇਦ **-28** ਕੁਝ ਵਿਦਿਅਕ ਅਦਾਰਿਆਂ ਵਿੱਚ ਧਾਰਮਿਕ ਹਿਦਾਇਤਾਂ ਜਾਂ ਪੂਜਾ-ਪਾਠ ਕਰਨ ਦੀ ਸੁਤੰਤਰਤਾ |
| 5.ਸਭਿਆਚਾਰਕ ਅਤੇ ਵਿਦਿਅਕ ਅਧਿਕਾਰ<br>(ਅਨੁਛੇਦ 29-30) | ਅਨੁਛੇਦ **-29** ਘੱਟ ਗਿਣਤੀਆਂ ਦੀ ਭਾਸ਼ਾ, ਲਿਪੀ ਅਤੇ ਸੱਭਿਆਚਾਰ ਦੀ ਸੁਰੱਖਿਆ।<br>ਅਨੁਛੇਦ **-30** ਵਿਦਿਅਕ ਸੰਸਥਾਵਾਂ ਦੀ ਸਥਾਪਨਾ ਅਤੇ ਪ੍ਰਬੰਧ ਕਰਨ ਲਈ ਘੱਟ ਗਿਣਤੀਆਂ ਦਾ ਅਧਿਕਾਰ। |

Toppersnotes Unleash the topper in you

| | |
|---|---|
| 6. ਸੰਵਿਧਾਨਕ ਉਪਚਾਰਾਂ ਦਾ ਅਧਿਕਾਰ (ਅਨੁਛੇਦ 32) - ਡਾ.ਬੀ.ਆਰ. ਅੰਬੇਡਕਰ ਨੇ ਦੱਸਿਆ "ਇਹ ਸੰਵਿਧਾਨ ਦਾ ਦਿਲ ਅਤੇ ਆਤਮਾ ਹੈ" | ਰਿੱਟਾਂ ਦਾ ਜਿਕਰ ਹੈ<br>(i) ਬੰਧੀ ਪ੍ਰਤੱਕ ਕਰਨ ਦਾ ਹੁਕਮ<br>(ii) ਪਰਮ ਅਦੇਸ਼ ਦਾ ਹੁਕਮ ਨਾਮਾ<br>(iii) ਮਨਾਹੀ ਹੁਕਮ ਨਾਮਾ<br>(iv) ਉਤਪ੍ਰੇਖਣ ਦਾ ਹੁਕਮ ਨਾਮਾ<br>(v) ਅਧਿਕਾਰ ਪੁਛਨ ਦਾ ਹੁਕਮਨਾਮਾ |
| ਅਨੁਛੇਦ **20-21** ਦੇ ਅਧੀਨ ਅਧਿਕਾਰਾਂ ਨੂੰ ਛੱਡ ਕੇ ਰਾਸ਼ਟਰੀ ਸੰਕਟਕਾਲਿਨ ਦੇ ਸੰਚਾਲਨ ਦੌਰਾਨ ਮੁਅੱਤਲ ਕੀਤਾ ਜਾ ਸਕਦਾ ਹੈ। | |

## ਮੌਲਿਕ ਅਧਿਕਾਰਾਂ ਨਾਲ ਸਬੰਧਿਤ ਕੇਸ ਅਧਿਐਨ

### ਜੀਵਨ ਦਾ ਅਧਿਕਾਰ (ਕੇਸ ਸਟੱਡੀ)

*ਮੇਨਕਾ ਗਾਂਧੀ ਬਨਾਮ ਯੂਨੀਅਨ ਆਫ ਇੰਡੀਆ (1978) ਦੇ ਇਤਿਹਾਸਕ ਫੈਸਲੇ ਵਿੱਚ , ਸੁਪਰੀਮ ਕੋਰਟ ਨੇ ਕਿਹਾ ਕਿ ਅਨੁਛੇਦ 21 ਦੇ ਤਹਿਤ ਜੀਵਨ ਅਤੇ ਵਿਅਕਤੀਗਤ ਆਜ਼ਾਦੀ ਦਾ ਅਧਿਕਾਰ ਸਿਰਫ਼ ਜਾਨਵਰਾਂ ਦੀ ਹੋਂਦ ਤੱਕ ਸੀਮਿਤ ਨਹੀਂ ਹੈ, ਸਗੋਂ ਸਨਮਾਨ ਨਾਲ ਜੀਣ ਦਾ ਅਧਿਕਾਰ ਵੀ ਸ਼ਾਮਲ ਹੈ*

ਇਸ ਕੇਸ ਦੀ ਸੁਣਵਾਈ ਸੱਤ ਜੱਜਾਂ ਦੀ ਬੈਂਚ ਨੇ 25 ਜਨਵਰੀ 1978 ਨੂੰ ਕੀਤੀ ਸੀ।

1978 ਦੇ ਕੇਸ ਵਿੱਚ ਮੇਨਕਾ ਗਾਂਧੀ ਬਨਾਮ ਯੂਨੀਅਨ ਆਫ ਇੰਡੀਆ ਦੇ ਚੀਫ਼ ਜਸਟਿਸ ਐਮ.ਐਚ. ਬੇਗ ਸਨ

ਜੱਜ : ਵਾਈ.ਵੀ. ਚੰਦਰਚੂੜ, ਵੀ.ਆਰ. ਕ੍ਰਿਸ਼ਨਾ ਅਈਅਰ, ਪੀ.ਐਨ. ਭਗਵਤੀ, ਐਨ.ਐਲ. ਉਨਤਵਾਲੀਆ, ਪੀ.ਐਸ. ਕੈਲਾਸਮ, ਅਤੇ ਐਸ. ਮੁਰਤਜ਼ਾ ਫ਼ਜ਼ਲ ਅਲੀ

### ਅਨੁਛੇਦ 21

ਇਤਿਹਾਸਕ ਫੈਸਲੇ ਵਿੱਚ, ਵਿਸ਼ਾਖਾ *ਬਨਾਮ ਰਾਜਸਥਾਨ ਰਾਜ* (1997)- ਵਿਸ਼ਾਕਾ (ਗਰੁੱਪ ਫਾਰ ਵੂਮੈਨ ਐਜੂਕੇਸ਼ਨ ਐਂਡ ਰਿਸਰਚ) ਅਤੇ ਚਾਰ ਹੋਰ ਮਹਿਲਾ ਸੰਗਠਨਾਂ ਦੁਆਰਾ ਭੰਵਰੀ ਦੇਵੀ ਦੇ ਮਾਮਲੇ ਦੇ ਜਵਾਬ ਵਿੱਚ ਕੇਸ ਦਾਇਰ ਕੀਤਾ ਗਿਆ ਸੀ ਜਿਸਦਾ 1992 ਵਿੱਚ ਕੋਸ਼ਿਸ਼ ਕਰਨ ਤੋਂ ਬਾਅਦ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਬਾਲ ਵਿਆਹ ਨੂੰ ਰੋਕਣ ਲਈ ਅਤੇ ਹੇਠਲੀ ਅਦਾਲਤ ਵਿੱਚ ਬੇਇਨਸਾਫ਼ੀ ਦਾ ਸਾਹਮਣਾ ਕਰਨਾ ਪਿਆ।

- 13 ਅਗਸਤ, 1997 ਨੂੰ ਵਿਸਾਕਾ ਅਤੇ ਓਆਰਐਸ ਬਨਾਮ ਰਾਜਸਥਾਨ ਰਾਜ ਅਤੇ ਓਆਰਐਸ ਕੇਸ ਦੀ ਸੁਣਵਾਈ ਹੋਈ।
- ਸੁਪਰੀਮ ਕੋਰਟ ਨੇ ਕਿਹਾ ਕਿ ਜਿਨਸੀ ਸ਼ੋਸ਼ਣ ਭਾਰਤ ਦੇ ਸੰਵਿਧਾਨ ਦੇ ਅਨੁਛੇਦ 14, 19 ਅਤੇ 21 ਦੇ ਤਹਿਤ ਮੌਲਿਕ ਅਧਿਕਾਰਾਂ ਦੀ ਗੰਭੀਰ ਉਲੰਘਣਾ ਹੈ।

*ਚੀਫ਼ ਜਸਟਿਸ ਜਗਦੀਸ਼ ਸ਼ਰਨ ਵਰਮਾ (ਜੇਐਸ ਵਰਮਾ):*

*ਜੱਜ : ਜਸਟਿਸ ਸੁਜਾਤਾ ਵੀ. ਮਨੋਹਰ ਅਤੇ ਜਸਟਿਸ ਬੀਐਨ ਕਿਰਪਾਲ। ਇਸ ਕੇਸ ਦੀ ਸੁਣਵਾਈ 13 ਅਗਸਤ 1997 ਨੂੰ ਹੋਈ ਸੀ।*

### ਨਿੱਜਤਾ ਦਾ ਅਧਿਕਾਰ

ਮਦਰਾਸ ਹਾਈ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਕੇਐਸ ਪੁੱਟਾਸਵਾਮੀ (ਸੇਵਾਮੁਕਤ) ਨੇ ਆਧਾਰ ਸਕੀਮ ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਦਲੀਲ ਦਿੱਤੀ ਕਿ ਇਸ ਸਕੀਮ ਨੇ ਨਿੱਜਤਾ ਦੇ ਅਧਿਕਾਰ ਦੀ ਉਲੰਘਣਾ ਕੀਤੀ ਹੈ।

- ਭਾਰਤ ਦੀ ਸੁਪਰੀਮ ਕੋਰਟ ਨੇ 24 ਅਗਸਤ, 2017 ਨੂੰ ਨਿੱਜਤਾ ਦੇ ਅਧਿਕਾਰ 'ਤੇ ਫੈਸਲਾ ਸੁਣਾਇਆ
- **ਕੇਐਸ ਪੁੱਟਾਸਵਾਮੀ ਬਨਾਮ ਭਾਰਤ ਯੂਨੀਅਨ** ਦੇ ਇਤਿਹਾਸਕ ਫੈਸਲੇ ਵਿੱਚ ਗੋਪਨੀਯਤਾ ਅਤੇ ਇਸਦੇ ਮਹੱਤਵ ਦਾ ਵਰਣਨ ਕੀਤਾ ਹੈ